ਧਾਰਮਿਕ ਗਿਆਨ

ਜਮਾਤ- ਗਿਆਰਵੀਂ

ਸ੍ਰੀ ਭੈਣੀ ਸਾਹਿਬ

ਸੁਖ ਵੀ ਲੰਘੇ, ਦੁਖ ਵੀ ਲੰਘਸਣ,
ਤੂੰ ਜੇ ਅੰਦਰ ਵੱਸੇਂ।
ਘਾਟਾ ਫਿਰ ਕਿਸ ਗੱਲ ਦਾ ਰਹਿਣਾ
ਜੇ ਹਿਰਦੇ ਵਿਚ ਲੱਸੇਂ।
ਤੂੰ ਮੇਰੀ ਆਸ, ਓਟ, ਤੂੰ ਉਹਲਾ,
ਤੂੰ ਮੈਂ ਮਾਣ, ਪਿਆਰੇ:
ਅਪਣੇ ਪਿਆਰ ਵਿਚ ਰੱਖ ਜਿਉਂਦਾ,
ਕਦੇ ਨ ਮੈਥੋਂ ਨੱਸੇਂ।

ਪ੍ਰੀਤਮ ਸਿੰਘ ਕਵੀ

ਧਾਰਮਿਕ ਗਿਆਨ

ਜਮਾਤ- ਗਿਆਰਵੀਂ

ਨਾਮਧਾਰੀ ਦਰਬਾਰ
ਸ੍ਰੀ ਭੈਣੀ ਸਾਹਿਬ

ਪਹਿਲੀ ਵਾਰ- 2019
ਗਿਣਤੀ- 500

ਕੀਮਤ : 100/-

ਛਾਪਕ :

ਪ੍ਰਕਾਸ਼ਕ :
ਨਾਮਧਾਰੀ ਦਰਬਾਰ
ਗੁਰਦੁਆਰਾ ਸ੍ਰੀ ਭੈਣੀ ਸਾਹਿਬ
ਲੁਧਿਆਣਾ, ਪੰਜਾਬ-141126

ਦੋ ਸ਼ਬਦ

ਇਹ ਪਾਠ ਪੁਸਤਕਾਂ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਤਿਆਰ ਕੀਤੀਆਂ ਗਈਆਂ ਹਨ। ਇਸ ਪਿੱਛੇ ਮਨੋਰਥ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸ਼ੁਭ ਅਮਲਾਂ ਨਾਲ ਜੋੜਨਾ ਹੈ।

ਇਨ੍ਹਾਂ ਪਾਠ ਪੁਸਤਕਾਂ ਲਈ ਕੋਈ ਜ਼ਰੂਰੀ ਸੁਝਾਅ ਹੋਵੇ ਤਾਂ ਅਗਲੇ ਐਡੀਸ਼ਨ ਲਈ ਉਹਨਾਂ ਦਾ ਸੁਆਗਤ ਹੋਵੇਗਾ।

ਪ੍ਰਿੰ. ਸਤਵੰਤ ਕੌਰ

ਸੰਪ: 92125-94349

....

ਤਤਕਰਾ

ਰਹਿਰਾਸ ਸਾਹਿਬ

ਸਲੋਕੁ ਮਃ ੧

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥ ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ॥੧॥ ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥੧॥ ਰਹਾਉ॥ ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ॥ ਤੂੰ ਸਚਾ ਸਾਹਿਬੁ ਸਿਫਤਿ ਸੁਆਲਿ੍ਉ ਜਿਨਿ ਕੀਤੀ ਸੋ ਪਾਰਿ ਪਇਆ॥ ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ॥੨॥

ਸੋ ਦਰੁ ਰਾਗੁ ਆਸਾ ਮਹਲਾ ੧

ੴ ਸਤਿਗੁਰ ਪ੍ਰਸਾਦਿ ॥

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥ ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ॥ ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ॥ ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥ ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ॥ ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ॥ ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ॥ ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ॥ ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ॥ ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ॥ ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ॥ ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥ ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ॥ ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ॥ ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥ ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ॥ ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥ ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥ ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥ ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ॥ ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ॥ ਸੋ ਪਾਤਿਸਾਹੁ ਸਾਹਾ ਪਤਿਸਾਹਿਬੁ ਨਾਨਕ ਰਹਣੁ ਰਜਾਈ॥੧॥

ਆਸਾ ਮਹਲਾ ੧॥

ਸੁਣਿ ਵਡਾ ਆਖੈ ਸਭੁ ਕੋਇ॥ ਕੇਵਡੁ ਵਡਾ ਡੀਠਾ ਹੋਇ॥ ਕੀਮਤਿ ਪਾਇ ਨ ਕਹਿਆ ਜਾਇ॥ ਕਹਣੈ ਵਾਲੇ ਤੇਰੇ ਰਹੇ ਸਮਾਇ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥ ਕੋਇ ਨ ਜਾਣੈ ਤੇਰਾ ਕੇਤਾ

ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥ ਸਿਧਾ ਪੁਰਖਾ ਕੀਆ ਵਡਿਆਈਆ ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥ ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥ ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥

ਆਸਾ ਮਹਲਾ ੧ ॥

ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥ ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥ ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥ ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥ ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥ ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥ ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥ ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥ ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥

ਰਾਗੁ ਗੂਜਰੀ ਮਹਲਾ ੪ ॥

ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ ॥ ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥੧॥ ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥ ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥੧॥ ਰਹਾਉ ॥ ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥ ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥੨॥ ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥ ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥ ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥ ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ ॥੪॥੪॥

ਰਾਗੁ ਗੂਜਰੀ ਮਹਲਾ ੫ ॥

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥ ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥ ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥ ਗੁਰ ਪਰਸਾਦਿ ਪਰਮਪਦੁ ਪਾਇਆ ਸੂਕੇ ਕਾਸਟ ਹਰਿਆ ॥੧॥ ਰਹਾਉ ॥ ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ ॥ ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥੨॥ ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥ ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥੩॥ ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥ ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ ॥੪॥੫॥

ਰਾਗੁ ਆਸਾ ਮਹਲਾ ੪ ਸੋ ਪੁਰਖੁ ॥

ੴ ਸਤਿਗੁਰ ਪ੍ਰਸਾਦਿ॥

ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ॥ ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ॥ ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ॥ ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ॥ ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ॥੧॥ ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ॥ ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ॥ ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ॥ ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ॥ ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ॥੨॥ ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖਵਾਸੀ॥ ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ॥ ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ॥ ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ॥ ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਨ ਬਲਿ ਜਾਸੀ॥੩॥ ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ॥ ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ॥ ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ॥ ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ॥ ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ॥੪॥ ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ॥ ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ॥ ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ॥ ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ॥ ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ॥੫॥੧॥

ਆਸਾ ਮਹਲਾ ੪॥

ਤੂੰ ਕਰਤਾ ਸਚਿਆਰੁ ਮੈਡਾ ਸਾਂਈ॥ ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ॥੧॥ਰਹਾਉ॥ ਸਭ ਤੇਰੀ ਤੂੰ ਸਭਨੀ ਧਿਆਇਆ॥ ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ॥ ਗੁਰਮੁਖਿ ਲਾਧਾ ਮਨਮੁਖਿ ਗਵਾਇਆ॥ ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ॥੧॥ ਤੂੰ ਦਰੀਆਉ ਸਭ ਤੁਝ ਹੀ ਮਾਹਿ॥ ਤੁਝ ਬਿਨੁ ਦੂਜਾ ਕੋਈ ਨਾਹਿ॥ ਜੀਅ ਜੰਤ ਸਭਿ ਤੇਰਾ ਖੇਲੁ॥ ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ॥੨॥ ਜਿਸਨੋ ਤੂ ਜਾਣਾਇਹਿ ਸੋਈ ਜਨੁ ਜਾਣੈ॥ ਹਰਿ ਗੁਣ ਸਦ ਹੀ ਆਖਿ ਵਖਾਣੈ॥ ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ॥ ਸਹਜੇ ਹੀ ਹਰਿ ਨਾਮਿ ਸਮਾਇਆ॥੩॥ ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ॥ ਤੁਧੁ ਬਿਨੁ ਦੂਜਾ ਅਵਰੁ ਨ ਕੋਇ॥ ਤੂ ਕਰਿ ਕਰਿ ਵੇਖਹਿ ਜਾਣਹਿ ਸੋਇ॥

ਜਨ ਨਾਨਕ ਗੁਰਮੁਖਿ ਪਰਗਟੁ ਹੋਇ॥੪॥੨॥

ਆਸਾ ਮਹਲਾ ੧॥

ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ॥ ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ॥੧॥ ਮਨ ਏਕੁ ਨ ਚੇਤਸਿ ਮੂੜ ਮਨਾ॥ ਹਰਿ ਬਿਸਰਤ ਤੇਰੇ ਗੁਣ ਗਲਿਆ॥੧॥ ਰਹਾਉ॥ ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ॥ ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂੰ ਨਾਹੀ ਵੀਸਰਿਆ॥੨॥੩॥

ਆਸਾ ਮਹਲਾ ੫॥

ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥੧॥ ਸਰੰਜਾਮਿ ਲਾਗੁ ਭਵਜਲ ਤਰਨ ਕੈ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥੧॥ ਰਹਾਉ॥ ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ॥ ਕਹੁ ਨਾਨਕ ਹਮ ਨੀਚ ਕਰੰਮਾ॥ ਸਰਣਿ ਪਰੇ ਕੀ ਰਾਖਹੁ ਸਰਮਾ॥੨॥੪॥

ੴ ਵਾਹਿਗੁਰੂ ਜੀ ਕੀ ਫਤੇ॥

ਪਾਤਸਾਹੀ ੧੦ ॥ਚੌਪਈ॥

ਪੁਨਿ ਰਾਛਸ ਕਾ ਕਾਟਾ ਸੀਸਾ॥ ਸ੍ਰੀ ਅਸਿਕੇਤ ਜਗਤ ਕੇ ਈਸਾ॥ ਪੁਹਪਨ ਬ੍ਰਿਸਟਿ ਗਗਨ ਤੇ ਭਈ॥ ਸਭਹਿਨ ਆਨ ਬਧਾਈ ਦਈ॥੧॥ ਧੰਨਜ ਧੰਨਜ ਲੋਗਨ ਕੇ ਰਾਜਾ॥ ਦੁਸਟਨ ਦਾਹ ਗਰੀਬ ਨਿਵਾਜਾ॥ ਅਖਲ ਭਵਨ ਕੇ ਸਿਰਜਨਹਾਰੇ॥ ਦਾਸ ਜਾਨਿ ਮੁਹਿ ਲੇਹੁ ਉਬਾਰੇ॥੨॥

ਕਬਿਯੋ ਬਾਚ ਬੇਨਤੀ ॥ਚੌਪਈ॥

ਹਮਰੀ ਕਰੋ ਹਾਥ ਦੈ ਰੱਛਾ॥ ਪੂਰਨ ਹੋਇ ਚਿੱਤ ਕੀ ਇੱਛਾ॥ ਤਵ ਚਰਨਨ ਮਨ ਰਹੈ ਹਮਾਰਾ॥ ਅਪਨਾ ਜਾਨ ਕਰੋ ਪ੍ਰਤਿਪਾਰਾ॥੧॥ ਹਮਰੇ ਦੁਸਟ ਸਭੈ ਤੁਮ ਘਾਵਹੁ॥ ਆਪੁ ਹਾਥ ਦੈ ਮੋਹਿ ਬਚਾਵਹੁ॥ ਸੁਖੀ ਵਸੈ ਮੋਰੋ ਪਰਿਵਾਰਾ॥ ਸੇਵਕ ਸਿਖ ਸਭੈ ਕਰਤਾਰਾ॥੨॥ ਮੋ ਰੱਛਾ ਨਿਜ ਕਰ ਦੈ ਕਰੀਐ॥ ਸਭ ਬੈਰਿਨ ਕੋ ਆਜ ਸੰਘਰੀਐ॥ ਪੂਰਨ ਹੋਇ ਹਮਾਰੀ ਆਸਾ॥ ਤੋਰ ਭਜਨ ਕੀ ਰਹੈ ਪਿਆਸਾ॥੩॥ ਤੁਮਹਿ ਛਾਡਿ ਕੋਈ ਅਵਰ ਨ ਧਯਾਊਂ॥ ਜੋ ਬਰ ਚਾਹੋਂ ਸੁ ਤੁਮ ਤੇ ਪਾਊਂ॥ ਸੇਵਕ ਸਿੱਖ ਹਮਾਰੇ ਤਾਰੀਅਹਿ॥ ਚੁਨਿ ਚੁਨਿ ਸਤ੍ਰੁ ਹਮਾਰੇ ਮਾਰੀਅਹਿ॥੪॥ ਆਪ ਹਾਥ ਦੈ ਮੁਝੈ ਉਬਰੀਐ॥ ਮਰਣ ਕਾਲ ਕਾ ਤ੍ਰਾਸ ਨਿਵਰੀਐ॥ ਹੂਜੋ ਸਦਾ ਹਮਾਰੇ ਪੱਛਾ॥ ਸ੍ਰੀ ਅਸਿਧੁਜ ਜੂ ਕਰੀਅਹੁ ਰੱਛਾ॥੫॥ ਰਾਖਿ ਲੇਹੁ ਮੁਹਿ ਰਾਖਨਹਾਰੇ॥ ਸਾਹਿਬ ਸੰਤ ਸਹਾਇ ਪਿਆਰੇ॥ ਦੀਨ ਬੰਧੁ ਦੁਸਟਨ ਕੇ ਹੰਤਾ॥ ਤੁਮ ਹੋ ਪੁਰੀ ਚਤਰਦਸ ਕੰਤਾ॥੬॥ ਕਾਲ ਪਾਇ ਬ੍ਰਹਮਾ ਬਪੁ ਧਰਾ॥ ਕਾਲ ਪਾਇ ਸਿਵਜੂ ਅਵਤਰਾ॥ ਕਾਲ ਪਾਇ ਕਰਿ ਬਿਸਨੁ ਪ੍ਰਕਾਸਾ॥ ਸਕਲ ਕਾਲ ਕਾ ਕੀਆ ਤਮਾਸਾ॥੭॥ ਜਵਨ ਕਾਲ ਜੋਗੀ ਸਿਵ ਕੀਓ॥ ਬੇਦਰਾਜ ਬ੍ਰਹਮਾ ਜੂ ਥੀਓ॥ ਜਵਨ ਕਾਲ ਸਭ ਲੋਕ ਸਵਾਰਾ॥ ਨਮਸਕਾਰ ਹੈ ਤਾਹਿ ਹਮਾਰਾ॥੮॥ ਜਵਨ ਕਾਲ ਸਭ ਜਗਤ ਬਨਾਯੋ॥ ਦੇਵ ਦੈਤ ਜਛਨ

ਉਪਜਾਯੋ॥ ਆਦਿ ਅੰਤਿ ਏਕੈ ਅਵਤਾਰਾ॥ ਸੋਈ ਗੁਰੂ ਸਮਝੀਅਹੁ ਹਮਾਰਾ॥੯॥ ਨਮਸਕਾਰ ਤਿਸ ਹੀ ਕੋ ਹਮਾਰੀ॥ ਸਕਲ ਪ੍ਰਜਾ ਜਿਨ ਆਪ ਸਵਾਰੀ॥ ਸਿਵਕਨ ਕੋ ਸਿਵ ਗੁਨ ਸੁਖ ਦੀਓ॥ ਸਤ੍ਰੁਨ ਕੋ ਪਲ ਮੋ ਬਧ ਕੀਓ॥੧੦॥ ਘਟ ਘਟ ਕੇ ਅੰਤਰ ਕੀ ਜਾਨਤ॥ ਭਲੇ ਬੁਰੇ ਕੀ ਪੀਰ ਪਛਾਨਤ॥ ਚੀਟੀ ਤੇ ਕੁੰਚਰ ਅਸਥੂਲਾ॥ ਸਭ ਪਰ ਕ੍ਰਿਪਾ ਦ੍ਰਿਸਟਿ ਕਰਿ ਫੂਲਾ॥੧੧॥ ਸੰਤਨ ਦੁਖ ਪਾਏ ਤੇ ਦੁਖੀ॥ ਸੁਖ ਪਾਏ ਸਾਧੁਨ ਕੇ ਸੁਖੀ॥ ਏਕ ਏਕ ਕੀ ਪੀਰ ਪਛਾਨੈ॥ ਘਟ ਘਟ ਕੇ ਪਟ ਪਟ ਕੀ ਜਾਨੈ॥੧੨॥ ਜਬ ਉਦਕਰਖ ਕਰਾ ਕਰਤਾਰਾ॥ ਪ੍ਰਜਾ ਧਰਤ ਤਬ ਦੇਹ ਅਪਾਰਾ॥ ਜਬ ਆਕਰਖ ਕਰਤ ਹੋ ਕਬਹੂੰ॥ ਤੁਮ ਮੈ ਮਿਲਤ ਦੇਹ ਧਰ ਸਭਹੂੰ॥੧੩॥ ਜੇਤੇ ਬਦਨ ਸ੍ਰਿਸਟਿ ਸਭ ਧਾਰੈ॥ ਆਪੁ ਆਪਨੀ ਬੂਝ ਉਚਾਰੈ॥ ਤੁਮ ਸਭਹੀ ਤੇ ਰਹਤ ਨਿਰਾਲਮ॥ ਜਾਨਤ ਬੇਦ ਭੇਦ ਅਰੁ ਆਲਮ॥੧੪॥ ਨਿਰੰਕਾਰ ਨ੍ਰਿਬਿਕਾਰ ਨਿਰਲੰਭ॥ ਆਦਿ ਅਨੀਲ ਅਨਾਦਿ ਅਸੰਭ॥ ਤਾ ਕਾ ਮੂੜ ਉਚਾਰਤ ਭੇਦਾ॥ ਜਾ ਕਾ ਭੇਵ ਨ ਪਾਵਤ ਬੇਦਾ॥੧੫॥ ਤਾ ਕੋ ਕਰ ਪਾਹਨ ਅਨੁਮਾਨਤ॥ ਮਹਾ ਮੂੜ ਕਛੁ ਭੇਦ ਨ ਜਾਨਤ॥ ਮਹਾਦੇਵ ਕੋ ਕਹਤ ਸਦਾ ਸਿਵ॥ ਨਿਰੰਕਾਰ ਕਾ ਚੀਨਤ ਨਹਿ ਭਿਵ॥੧੬॥ ਆਪ ਆਪਨੀ ਬੁਧਿ ਹੈ ਜੇਤੀ॥ ਬਰਨਤ ਭਿੰਨ ਭਿੰਨ ਤੁਹਿ ਤੇਤੀ॥ ਤੁਮਰਾ ਲਖਾ ਨ ਜਾਇ ਪਸਾਰਾ॥ ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥੧੭॥ ਏਕੈ ਰੂਪ ਅਨੂਪ ਸਰੂਪਾ॥ ਰੰਕ ਭਯੋ ਰਾਵ ਕਹੀ ਭੂਪਾ॥ ਅੰਡਜ ਜੇਰਜ ਸੇਤਜ ਕੀਨੀ॥ ਉਤਭੁਜ ਖਾਨਿ ਬਹੁਰਿ ਰਚਿ ਦੀਨੀ॥੧੮॥ ਕਹੂੰ ਫੂਲ ਰਾਜਾ ਹ੍ਵੈ ਬੈਠਾ॥ ਕਹੂੰ ਸਿਮਟਿ ਭਯੋ ਸੰਕਰ ਇਕੈਠਾ॥ ਸਗਰੀ ਸ੍ਰਿਸਟਿ ਦਿਖਾਇ ਅਚੰਭਵ॥ ਆਦਿ ਜੁਗਾਦਿ ਸਰੂਪ ਸੁਯੰਭਵ॥੧੯॥ ਅਬ ਰੱਛਾ ਮੇਰੀ ਤੁਮ ਕਰੋ॥ ਸਿੱਖਯ ਉਬਾਰਿ ਅਸਿਖਯ ਸੰਘਰੋ॥ ਦੁਸਟ ਜਿਤੇ ਉਠਵਤ ਉਤਪਾਤਾ॥ ਸਕਲ ਮਲੇਛ ਕਰੋ ਰਣ ਘਾਤਾ॥੨੦॥ ਜੇ ਅਸਿਧੁਜ ਤ੍ਵ ਸਰਨੀ ਪਰੇ॥ ਤਿਨ ਕੇ ਦੁਸਟ ਦੁਖਿਤ ਹ੍ਵੈ ਮਰੇ॥ ਪੁਰਖ ਜਵਨ ਪਗ ਪਰੈ ਤੁਹਾਰੈ॥ ਤਿਨ ਕੇ ਤੁਮ ਸੰਕਟ ਸਭ ਟਾਰੈ॥੨੧॥ ਜੋ ਕਲਿ ਕੋ ਇਕ ਬਾਰ ਧਿਐਹੈ॥ ਤਾ ਕੇ ਕਾਲ ਨਿਕਟ ਨਹੀ ਐਹੈ॥ ਰੱਛਾ ਹੋਇ ਤਾਹਿ ਸਭ ਕਾਲਾ॥ ਦੁਸਟ ਅਰਿਸਟ ਟਰੇ ਤਤਕਾਲਾ॥੨੨॥ ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ॥ ਤਾ ਕੇ ਤਾਪ ਤਨਿਕ ਮਹਿ ਹਰਿਹੋ॥ ਰਿੱਧਿ ਸਿੱਧਿ ਘਰ ਮੋ ਸਭ ਹੋਈ॥ ਦੁਸਟ ਛਾਹ ਛ੍ਵੈ ਸਕੈ ਨ ਕੋਈ॥੨੩॥ ਏਕ ਬਾਰ ਜਿਨ ਤੁਮੈ ਸੰਭਾਰਾ॥ ਕਾਲ ਫਾਸ ਤੇ ਤਾਹਿ ਉਬਾਰਾ॥ ਜਿਨ ਨਰ ਨਾਮ ਤਿਹਾਰੋ ਕਹਾ॥ ਦਾਰਿਦ ਦੁਸਟ ਦੋਖ ਤੇ ਰਹਾ॥੨੪॥ ਖੜਗਕੇਤੁ ਮੈ ਸਰਣਿ ਤਿਹਾਰੀ॥ ਆਪੁ ਹਾਥ ਦੈ ਲੇਹੁ ਉਬਾਰੀ॥ ਸਰਬ ਠਉਰ ਮੋ ਹੋਹੁ ਸਹਾਈ॥ ਦੁਸਟ ਦੋਖ ਤੇ ਲੇਹੁ ਬਚਾਈ॥੨੫॥ ਕ੍ਰਿਪਾ ਕਰੀ ਹਮ ਪਰ ਜਗ ਮਾਤਾ॥ ਗ੍ਰੰਥ ਕਰਾ ਪੂਰਨ ਸੁਭ ਰਾਤਾ॥ ਕਿਲਬਿਖ ਸਕਲ ਦੇਹ ਕੋ ਹਰਤਾ॥ ਦੁਸਟ ਦੋਖੀਅਨ ਕੋ ਛੈ ਕਰਤਾ॥੨੬॥ ਸ੍ਰੀ ਅਸਿਧੁਜ ਜਬ ਭਏ ਦਇਆਲਾ॥ ਪੂਰਨ ਕਰਾ ਗ੍ਰੰਥ ਤਤਕਾਲਾ॥ ਮਨ ਬਾਛਤ ਫਲ ਪਾਵੈ ਸੋਈ॥ ਦੂਖ ਨ ਤਿਸੈ ਬਿਆਪਤ ਕੋਈ॥੨੭॥ਅੜਿੱਲ॥ ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ॥ ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ॥ ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ॥ ਹੋ ਜੋ ਯਾ ਕੀ ਏਕ ਬਾਰ ਚੌਪਈ ਕੋ ਕਹੈ॥੨੮॥

ਚੌਪਈ॥ ਸੰਬਤ ਸਤਰਹ ਸਹਸ ਭਣਿਜੈ॥ ਅਰਧ ਸਹਸ ਫੁਨਿ ਤੀਨ ਕਹਿੱਜੈ॥ ਭਾਦਵ ਸੁਦੀ ਅਸਟਮੀ

ਰਵਿ ਵਾਰਾ॥ ਤੀਰ ਸੱਤੁ ਦ੍ਰਵ ਗ੍ਰੰਥ ਸੁਧਾਰਾ॥੨੯॥

ਇਤਿ ਸ੍ਰੀ ਚਰਿਤ੍ਰੋ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਭੂਪ ਮੰਤ੍ਰੀ ਸੰਬਾਦੇ ਚਾਰ ਸੈ ਚਾਰ ਚਰਿਤ੍ਰ ਸਮਾਪਤ ਮਸਤੁ ਸੁਭ ਮਸਤੁ॥੩॥

ਦੋਹਰਾ॥ ਦਾਸ ਜਾਨ ਕਰਿ ਦਾਸ ਪਰ ਕੀਜੈ ਕ੍ਰਿਪਾ ਅਪਾਰ॥ ਆਪ ਹਾਥ ਦੈ ਰਾਖ ਮੁਹਿ ਮਨ ਕ੍ਰਮ ਬਚਨ ਬਿਚਾਰ॥੧॥ ਚੌਪਈ॥ ਮੈ ਨ ਗਨੇਸਹਿ ਪ੍ਰਿਥਮ ਮਨਾਊਂ॥ ਕਿਸਨ ਬਿਸਨ ਕਬਹੂੰ ਨਹਿ ਧਿਆਊਂ॥ ਕਾਨ ਸੁਨੇ ਪਹਿਚਾਨ ਨ ਤਿਨ ਸੋਂ॥ ਲਿਵਲਾਗੀ ਮੋਰੀ ਪਗ ਇਨ ਸੋਂ॥੨॥ ਮਹਾਕਾਲ ਰਖਵਾਰ ਹਮਾਰੋ॥ ਮਹਾ ਲੋਹ ਮੈ ਕਿੰਕਰ ਥਾਰੋ॥ ਅਪਨਾ ਜਾਨ ਕਰੋ ਰਖਵਾਰ॥ ਬਾਹਿ ਗਹੇ ਕੀ ਲਾਜ ਬਿਚਾਰ॥੩॥ ਅਪਨਾ ਜਾਨ ਮੁਝੈ ਪ੍ਰਤਿਪਰੀਐ॥ ਚੁਨਿ ਚੁਨਿ ਸਤ੍ਰੁ ਹਮਾਰੇ ਮਰੀਐ॥ ਦੇਗ ਤੇਗ ਜਗ ਮੈ ਦੋਊ ਚਲੈ॥ ਰਾਖ ਆਪ ਮੁਹਿ ਅਉਰ ਨ ਦਲੈ॥੪॥ ਤੁਮ ਮਮ ਕਰਹੁ ਸਦਾ ਪ੍ਰਤਿਪਾਰਾ॥ ਤੁਮ ਸਾਹਿਬ ਮੈ ਦਾਸ ਤਿਹਾਰਾ॥ ਜਾਨ ਆਪਨਾ ਮੁਝੈ ਨਿਵਾਜ॥ ਆਪ ਕਰੋ ਹਮਰੇ ਸਭ ਕਾਜ॥੫॥ ਤੁਮ ਹੋ ਸਭ ਰਾਜਨ ਕੇ ਰਾਜਾ॥ ਆਪੇ ਆਪ ਗਰੀਬ ਨਿਵਾਜਾ॥ ਦਾਸ ਜਾਨ ਕਰਿ ਕ੍ਰਿਪਾ ਕਰਹੁ ਮੁਹਿ॥ ਹਾਰ ਪਰਾ ਮੈ ਆਨਿ ਦ੍ਵਾਰ ਤੁਹਿ॥੬॥ ਅਪਨਾ ਜਾਨ ਕਰੋ ਪ੍ਰਤਿਪਾਰਾ॥ ਤੁਮ ਸਾਹਿਬ ਮੈ ਕਿੰਕਰ ਥਾਰਾ॥ ਦਾਸ ਜਾਨ ਦੈ ਹਾਥ ਉਬਾਰੋ॥ ਹਮਰੇ ਸਭ ਬੈਰੀਅਨ ਸੰਘਾਰੋ॥੭॥ ਪ੍ਰਿਥਮ ਧਰੋਂ ਭਗਵਤ ਕੋ ਧਿਆਨਾ॥ ਬਹੁਰ ਕਰੋਂ ਕਬਿਤਾ ਬਿਧਿ ਨਾਨਾ॥ ਕਿਸਨ ਜਥਾ ਮਤਿ ਚਰਿਤ੍ਰ ਉਚਾਰੋ॥ ਚੂਕ ਹੋਇ ਕਬਿ ਲੇਹੁ ਸੁਧਾਰੋ॥੮॥ ਕਬਿਬਾਚ॥ ਦੋਹਰਾ॥ ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿਹੋਂ ਜਗ ਮਾਹਿ॥ ਜੋ ਤਿਹ ਪ੍ਰਭ ਕੌ ਧਿਆਇ ਹੈ ਅੰਤ ਸੁਰਗ ਕੋ ਜਾਹਿ॥੧॥ ਦੋਹਰਾ॥ ਹਰਿ ਹਰਿ ਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ॥ ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥੨॥ ਦੋਹਰਾ॥ ਜਬ ਆਇਸੁ ਪ੍ਰਭੁ ਕੋ ਭਯੋ ਜਨਮੁ ਧਰਾ ਜਗ ਆਇ॥ ਅਬ ਮੈ ਕਥਾ ਸੰਛੇਪਤੇ ਸਭਹੂੰ ਕਹਤ ਸੁਨਾਇ॥੩॥ ਕਬਿਬਾਚ ਦੋਹਰਾ॥ ਠਾਢ ਭਯੋ ਮੈ ਜੋਰਿ ਕਰ ਬਚਨ ਕਹਾ ਸਿਰ ਨਿਆਇ॥ ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰੋ ਸਹਾਇ॥੪॥ ਦੋਹਰਾ॥ ਜੇ ਜੇ ਤੁਮਰੇ ਧਿਆਨ ਕੋ ਨਿਤ ਉਠਿ ਧਿਐਹੈਂ ਸੰਤ॥ ਅੰਤ ਲਹੈਂਗੇ ਮੁਕਤਿ ਫਲੁ ਪਾਵਹਿੰਗੇ ਭਗਵੰਤ॥੫॥ ਦੋਹਰਾ॥ ਰਾਮ ਕਥਾ ਜੁਗ ਜੁਗ ਅਟੱਲ ਸਭ ਕੋਊ ਭਾਖਤ ਨੇਤ॥ ਸੁਰਗ ਬਾਸ ਰਘੁਬਰ ਕਰਾ ਸਗਰੀ ਪੁਰੀ ਸਮੇਤ॥੬॥ ਚੌਪਈ॥ ਜੋ ਇਹ ਕਥਾ ਸੁਨੈ ਅਰੁ ਗਾਵੈ॥ ਦੂਖ ਪਾਪ ਤਿਹ ਨਿਕਟਿ ਨ ਆਵੈ॥ ਬਿਸਨੁ ਭਗਤਿ ਕੀ ਏ ਫਲ ਹੋਈ॥ ਆਧਿ ਬ੍ਯਾਧਿ ਛ੍ਵੈ ਸਕੈ ਨ ਕੋਈ॥੭॥ ਸੰਮਤ ਸਤਰਹ ਸਹਸ ਪਚਾਵਨ॥ ਹਾੜ ਵਦੀ ਪ੍ਰਿਥਮ ਸੁਖਦਾਵਨ॥ ਤ੍ਵ ਪ੍ਰਸਾਦਿ ਕਰ ਗ੍ਰੰਥ ਸੁਧਾਰਾ॥ ਭੂਲ ਪਰੀ ਲਹੁ ਲੇਹੁ ਸੁਧਾਰਾ॥੮॥ ਦੋਹਰਾ॥ ਨੇਤ੍ਰ ਤੁੰਗ ਕੇ ਚਰਨ ਤਰ ਸੱਤੁ ਦ੍ਰਵ ਤੀਰ ਤਰੰਗ॥ ਸ੍ਰੀ ਭਗਵਤ ਪੂਰਨ ਕਿਯੋ ਰਘੁਬਰ ਕਥਾ ਪ੍ਰਸੰਗ॥੯॥ ਸਾਧ ਅਸਾਧ ਜਾਨਿਓ ਨਹੀ ਬਾਦ ਸੁਬਾਦ ਬਿਬਾਦ॥ ਗ੍ਰੰਥ ਸਕਲ ਪੂਰਨ ਕਿਯੋ ਭਗਵਤ ਕ੍ਰਿਪਾ ਪ੍ਰਸਾਦਿ॥੧੦॥

ਸ੍ਵੈਯਾ॥ ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ॥ ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ॥ ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਯੋ॥ ਸ੍ਰੀ

ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਜੋ ਸਭ ਤੋਹਿ ਬਖਾਨਜੋ॥੧੧॥

ਦੋਹਰਾ॥ ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥ ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥੧੨॥

ਰਾਮਕਲੀ ਮਹਲਾ ੩ ਅਨੰਦੁ

ੴ ਸਤਿਗੁਰ ਪ੍ਰਸਾਦਿ॥

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥ ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥ ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥ ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥ ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ॥੧॥ ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥ ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥ ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥ ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ॥ ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ॥੨॥ ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥ ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ॥ ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ॥ ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ॥ ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ॥੩॥ ਸਾਚਾ ਨਾਮੁ ਮੇਰਾ ਆਧਾਰੋ॥ ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ॥ ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ॥ ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ॥ ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ॥ ਸਾਚਾ ਨਾਮੁ ਮੇਰਾ ਆਧਾਰੋ॥੪॥ ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ॥ ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ॥ ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ॥ ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ॥ ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ॥੫॥ ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥ ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥ ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥ ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥ ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ॥ ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥੪੦॥

ਮੁੰਦਾਵਣੀ ਮਹਲਾ ੫॥

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥ ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸਕਾ ਸਭਸੁ ਅਧਾਰੋ॥ ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥ ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ॥ ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥੧॥

ਸਲੋਕ ਮਹਲਾ ੫॥

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥ ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ॥ ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ॥ ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥੧॥

ਪਉੜੀ॥ ਤਿਥੈ ਤੂ ਸਮਰਥੁ ਜਿਥੈ ਕੋਇ ਨਾਹਿ॥ ਓਥੈ ਤੇਰੀ ਰਖ ਅਗਨੀ ਉਦਰ ਮਾਹਿ॥ ਸੁਣਿ ਕੈ ਜਮ ਕੇ ਦੂਤ ਨਾਇ ਤੇਰੈ ਛਡਿ ਜਾਹਿ॥ ਭਉਜਲੁ ਬਿਖਮੁ ਅਸਗਾਹੁ ਗੁਰ ਸਬਦੀ ਪਾਰਿ ਪਾਹਿ॥ ਜਿਨ ਕਉ ਲਗੀ ਪਿਆਸ ਅੰਮ੍ਰਿਤੁ ਸੇਇ ਖਾਹਿ॥ ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ॥ ਸਭਸੈ ਨੋ ਕਿਰਪਾਲੁ ਸਮ੍ਾਲੇ ਸਾਹਿ ਸਾਹਿ॥ ਬਿਰਥਾ ਕੋਇ ਨ ਜਾਇ ਜਿ ਆਵੈ ਤੁਧੁ ਆਹਿ॥੧॥

ਸਲੋਕੁ ਮਹਲਾ ੫

ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥ ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥ ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥ ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ॥ ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ॥੧॥ ਮਃ ੫॥ ਰਖੇ ਰਖਣ ਹਾਰਿ ਆਪਿ ਉਬਾਰਿਅਨੁ॥ ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ॥ ਹੋਆ ਆਪਿ ਦਇਆਲੁ ਮਨਹੁ ਨ ਵਿਸਾਰਿਅਨੁ॥ ਸਾਧ ਜਨਾ ਕੈ ਸੰਗਿ ਭਵਜਲੁ ਤਾਰਿਅਨੁ॥ ਸਾਕਤ ਨਿੰਦਕ ਦੁਸਟ ਖਿਨ ਮਾਹਿ ਬਿਦਾਰਿਅਨੁ॥ ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ॥ ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ॥੨॥

ਸ਼ਬਦ ਹਜਾਰੇ ਪਾ.੧੦

ੴ ਸਤਿਗੁਰ ਪ੍ਰਸਾਦਿ॥

ਰਾਮਕਲੀ ਪਾਤਸਾਹੀ ੧੦

ਰੇ ਮਨ ਐਸੋ ਕਰਿ ਸੰਨਿਆਸਾ॥

ਹੇ ਮੇਰੇ ਮਨ! ਤੂੰ ਐਸਾ ਸੰਨਿਆਸ ਧਾਰਨ ਕਰ।

ਬਨ ਸੇ ਸਦਨ ਸਬੈ ਕਰਿ ਸਮਝਹੁ ਮਨਹੀ ਮਾਹਿ ਉਦਾਸਾ॥੧॥ ਰਹਾਉ॥

ਕਿ ਸਾਰੇ ਘਰਾਂ ਨੂੰ ਜੰਗਲ ਵਾਂਗ ਸਮਝ ਅਤੇ ਆਪਣੇ ਮਨ ਵਿੱਚ ਉਦਾਸ ਰਹਿ।

ਜਤ ਕੀ ਜਟਾ ਜੋਗ ਕੋ ਮਜਨੁ ਨੇਮ ਕੇ ਨਖਨ ਬਢਾਓ॥

ਤੂੰ ਜਤ ਦੀਆਂ ਜਟਾਵਾਂ, ਯੋਗ ਦਾ ਇਸ਼ਨਾਨ ਅਤੇ ਨਿਯਮਾਂ ਦੇ ਨਹੁੰ ਵਧਾ।

ਗਯਾਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤਿ ਲਗਾਓ॥੧॥

ਗਿਆਨ ਨੂੰ ਗੁਰੂ ਬਣਾ ਕੇ ਆਪਣੀ ਆਤਮਾ ਨੂੰ ਉਪਦੇਸ਼ ਕਰ ਅਤੇ ਆਪਣੇ ਸਰੀਰ 'ਤੇ ਨਾਮ ਦੀ ਸੁਆਹ ਲਗਾ।

ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥

ਤੇਰਾ ਖਾਣਾ ਅਤੇ ਸੌਣਾ ਘੱਟ ਹੋਵੇ ਅਤੇ ਤੂੰ ਦਇਆ ਤੇ ਖਿਮਾ ਨਾਲ ਪ੍ਰੇਮ ਕਰ।

ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈ ਬੋ ਤ੍ਰਿਗੁਣ ਅਤੀਤ॥੨॥

ਸ਼ੀਲ ਤੇ ਸੰਤੋਖ ਨੂੰ ਸਦਾ ਨਿਬਾਹ ਅਤੇ ਤਿੰਨਾਂ ਗੁਣਾਂ (ਰਜੋਗੁਣ, ਸਤੋਗੁਣ, ਤਮੋਗੁਣ) ਤੋਂ ਨਿਰਲੇਪ ਰਹਿ।

ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਮੋ ਲਯਾਵੈ॥

ਕਾਮ, ਕ੍ਰੋਧ, ਹੰਕਾਰ, ਲਾਲਚ ਅਤੇ ਹਠੀ ਮੋਹ ਨੂੰ ਮਨ ਵਿੱਚ ਕਦੇ ਨਾ ਲਿਆਵੀਂ।

ਤਬ ਹੀ ਆਤਮ ਤਤ ਕੋ ਦਰਸੈ ਪਰਮ ਪੁਰਖ ਕਹ ਪਾਵੈ॥੩॥੧॥

ਜੇ ਐਸਾ ਕਰੇਂਗਾ ਤਾਂ ਹੀ ਆਪਣੇ ਆਤਮ ਸਰੂਪ ਨੂੰ ਵੇਖ ਸਕੇਂਗਾ ਅਤੇ ਪਰਮ ਪੁਰਖ ਪਰਮਾਤਮਾ ਨੂੰ ਪਾ ਸਕੇਂਗਾ।

ਰਾਮਕਲੀ ਪਾਤਸ਼ਾਹੀ ੧੦

ਰੇ ਮਨ ਇਹ ਬਿਧਿ ਜੋਗੁ ਕਮਾਓ॥

ਹੇ ਮਨ! ਤੂੰ ਇਸ ਤਰ੍ਹਾਂ ਦਾ ਯੋਗ ਕਮਾ ਕਿ

ਸਿੰਙੀ ਸਾਚ ਅਕਪਟ ਕੰਠਲਾ ਧਿਆਨ ਬਿਭੂਤ ਚੜ੍ਹਾਓ॥੧॥ ਰਹਾਉ॥

ਤੂੰ ਸੱਚ ਦੀ ਸਿੰਙੀ (ਯੋਗੀਆਂ ਦਾ ਸਾਜ਼) ਵਜਾ, ਛਲ ਰਹਿਤ ਮਨ ਕੰਠਾ ਗਲ ਵਿੱਚ ਪਾ ਅਤੇ ਅਤਪਣੇ ਸਰੀਰ 'ਤੇ ਧਿਆਨ ਦੀ ਸੁਆਹ ਚੜ੍ਹਾ।

ਤਾਤੀ ਗਹੁ ਆਤਮ ਬਸਿ ਕਰ ਕੀ ਭਿੱਛਾ ਨਾਮ ਅਧਾਰੰ॥

ਮਨ ਨੂੰ ਵੱਸ ਵਿੱਚ ਕਰਨਾ ਹੱਥ ਵਿੱਚ ਫੜੀ ਕਿੰਗਰੀ ਹੋਵੇ ਅਤੇ ਨਾਮ ਦੀ ਭਿੱਛਾ ਨੂੰ ਆਸਰਾ ਬਣਾ।

ਬਾਜੈ ਪਰਮ ਤਾਰ ਤਤ ਹਰਿ ਕੋ ਉਪਜੈ ਰਾਗ ਰਸਾਰੰ॥

ਪਰਮ ਤੱਤ ਪਰਮਾਤਮਾ ਨੂੰ ਪ੍ਰਾਪਤ ਕਰਨਾ ਹੀ ਇਸਦੀ ਤਾਰ ਦਾ ਵੱਜਣਾ ਹੋਵੇ ਅਤੇ ਇਸ ਵਿੱਚੋਂ ਪ੍ਰੇਮ ਦਾ ਰਸੀਲਾ ਰਾਗ ਨਿਕਲੇ।

ਉਘਟੈ ਤਾਨ ਤਰੰਗ ਰੰਗਿ ਅਤਿ ਗਯਾਨ ਗੀਤ ਬੰਧਾਨੰ॥

ਪ੍ਰੇਮ ਦੀ ਲਹਿਰ ਇਸ ਵਿੱਚੋਂ ਰਾਗ ਦੀ ਤਾਨ ਵਜੋਂ ਪ੍ਰਗਟ ਹੋਵੇ ਅਤੇ ਗਿਆਨ ਗੀਤਾਂ ਦੀ ਮਰਿਆਦਾ ਹੋਵੇ।

ਚਕਿ ਚਕਿ ਰਹੈ ਦੇਵ ਦਾਨਵ ਮੁਨਿ ਛਕਿ ਛਕਿ ਬਯੋਮ ਬਿਵਾਨੰ॥੨॥

ਐਸੀ ਹਾਲਤ ਨੂੰ ਵੇਖ-ਵੇਖ ਕੇ ਬਿਮਾਨਾਂ ਵਿੱਚ ਬੈਠ ਕੇ ਸ਼ੋਭਾ ਪਾ ਰਹੇ ਦੇਵਤੇ, ਦੈਂਤ, ਮੁਨੀ ਹੈਰਾਨ ਹੁੰਦੇ ਹਨ।

ਆਤਮ ਉਪਦੇਸ ਭੇਸੁ ਸੰਜਮ ਕੋ ਜਾਪੁ ਸੁ ਅਜਪਾ ਜਾਪੇ॥

ਮਨ ਨੂੰ ਉਪਦੇਸ਼ ਕਰ, ਸੰਜਮ ਦਾ ਲਿਬਾਸ ਧਾਰਨ ਕਰ ਅਤੇ ਨਾ ਰੁਕਣ ਵਾਲਾ ਜਾਪ ਕਰ।

ਸਦਾ ਰਹੈ ਕੰਚਨ ਸੀ ਕਾਯਾ ਕਾਲ ਨ ਕਬਹੂੰ ਬਿਆਪੇ॥੩॥੨॥

ਐਸਾ ਯੋਗ ਕਮਾਉਣ ਨਾਲ ਤੇਰਾ ਸਰੀਰ ਸਦਾ ਹੀ ਤੰਦਰੁਸਤ ਰਹੇਗਾ ਅਤੇ ਕਾਲ ਤੈਨੂੰ ਕਦੇ ਵੀ ਵਿਆਪੇਗਾ ਨਹੀਂ।

ਰਾਮਕਲੀ ਪਾਤਸਾਹੀ ੧੦

ਪ੍ਰਾਨੀ ਪਰਮ ਪੁਰਖ ਪਗ ਲਾਗੋ॥

ਹੇ ਜੀਵ! ਪਰਮ ਪੁਰਖ ਪਰਮਾਤਮਾ ਦੇ ਚਰਨੀਂ ਲੱਗ।

ਸੋਵਤ ਕਹਾ ਮੋਹ ਨਿੰਦ੍ਰਾ ਮੈ ਕਬਹੂੰ ਸੁਚਿਤ ਹ੍ਵੈ ਜਾਗੋ॥੧॥ ਰਹਾਉ॥

ਮੋਹ ਦੀ ਨੀਂਦ ਵਿੱਚ ਕਿਓਂ ਸੁੱਤਾ ਪਿਆ ਹੈਂ, ਕਦੀ ਤੇ ਸੁਚੇਤ ਹੋ ਕੇ ਜਾਗ ਪਉ।

ਔਰਨ ਕਹਾ ਉਪਦੇਸਤ ਹੈ ਪਸੁ ਤੋਹਿ ਪ੍ਰਬੋਧ ਨ ਲਾਗੋ॥

ਹੇ ਮੂਰਖ ਹੋਰਨਾਂ ਨੂੰ ਕੀ ਉਪਦੇਸ਼ ਕਰਦਾ ਹੈਂ? ਤੈਨੂੰ ਆਪ ਨੂੰ ਉਪਦੇਸ਼ ਨਹੀਂ ਲੱਗਦਾ।

ਸਿੰਚਤ ਕਹਾ ਪਰੇ ਬਿਖਯਨ ਕਹ ਕਬਹੂ ਬਿਖੈ ਰਸ ਤਿਆਗੋ॥੧॥

ਵਿਸ਼ਿਆਂ ਨੂੰ ਕਿਓਂ ਸਿੰਜ ਰਿਹਾ ਹੈਂ ਭਾਵ ਵਿਸ਼ੇ-ਵਿਕਾਰਾਂ ਵਿੱਚ ਕਿਓਂ ਗਲਤਾਨ ਹੈਂ? ਕਦੇ ਤਾਂ ਵਿਸ਼ਿਆਂ

ਦੇ ਰਸ ਨੂੰ ਤਿਆਗ ਦੇ।

ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ॥

ਕੇਵਲ ਕਰਮ ਕਰਨਾ ਧਰਮ ਵਰਗਾ ਹੈ, ਹੇ ਜੀਵ! ਧਰਮ ਦੇ ਕਰਮ ਨਾਲ ਪ੍ਰੇਮ ਕਰ।

ਸੰਗ੍ਰਹੁ ਕਰੋ ਸਦਾ ਸਿਮਰਨ ਕੋ ਪਰਮ ਪਾਪ ਤਜਿ ਭਾਗੋ॥੨॥

ਸਦਾ ਨਾਮ-ਸਿਮਰਨ ਨੂੰ ਇਕੱਠਾ ਕਰ ਅਤੇ ਮਹਾਂ ਪਾਪਾਂ ਨੂੰ ਛੱਡ ਕੇ ਇਹਨਾਂ ਤੋਂ ਦੂਰ ਹੋ ਜਾ।

ਜਾ ਤੇ ਦੂਖ ਪਾਪ ਨਹਿ ਭੇਟੈ ਕਾਲ ਜਾਲ ਤੇ ਤਾਗੋ॥

ਐਸਾ ਕੰਮ ਕਰ ਜਿਸ ਕਰਕੇ ਦੁੱਖ ਤੇ ਪਾਪ ਨਾ ਛੋਹਣ ਅਤੇ ਮੌਤ ਦੇ ਜਾਲ ਨੂੰ ਸਮਝ ਸਕੇਂ।

ਜੌ ਸੁਖ ਚਾਹੋ ਸਦਾ ਸਭਨ ਕੋ ਤੌ ਹਰਿ ਕੇ ਰਸ ਪਾਗੌ॥੩॥

ਜੇ ਤੂੰ ਸਦਾ ਹੀ ਸੁੱਖ ਨੂੰ ਚਾਹੁੰਦਾ ਹੈਂ ਤਾਂ ਹਰੀ ਦੇ ਪ੍ਰੇਮ -ਰਸ ਵਿੱਚ ਮਗਨ ਹੋ ਜਾ।

ਸੋਰਠਿ ਪਾਤਸ਼ਾਹੀ ੧੦

ਪ੍ਰਭ ਜੂ ਤੋ ਕਹ ਲਾਜ ਹਮਾਰੀ॥

ਹੇ ਪ੍ਰਭੂ! ਤੁਹਾਨੂੰ ਹੀ ਮੇਰੀ ਇੱਜ਼ਤ ਦੀ ਚਿੰਤਾ ਹੈ।

ਨੀਲ ਕੰਠ ਨਰਹਰਿ ਨਾਰਾਇਣ ਨੀਲ ਬਸਨ ਬਨਵਾਰੀ॥੧॥ਰਹਾਉ॥

ਤੁਸੀਂ ਨੀਲ ਕੰਠ ਵਾਲੇ, ਨਰਸਿੰਘ ਰੂਪ, ਨਾਰਾਇਣ, ਨੀਲੇ ਕੱਪੜਿਆਂ ਵਾਲੇ ਅਤੇ ਬਨਵਾਰੀ ਹੋ।

ਪਰਮ ਪੁਰਖ ਪਰਮੇਸੁਰ ਸੁਆਮੀ ਪਾਵਨ ਪਉਨ ਅਹਾਰੀ॥

ਤੁਸੀਂ ਮਹਾਨ ਪੁਰਸ਼, ਪਰਮਾਤਮਾ, ਮਾਲਕ, ਪਵਿੱਤਰ ਅਤੇ ਹਵਾ ਦਾ ਆਹਾਰ ਕਰਨ ਵਾਲੇ ਹੋ।

ਮਾਧਵ ਮਹਾ ਜੋਤਿ ਮਧੁ ਮਰਦਨ ਮਾਨ ਮੁਕੰਦ ਮੁਰਾਰੀ॥੧॥

ਤੁਸੀਂ ਮਾਧਵ, ਮਹਾਨ ਜੋਤ ਸਰੂਪ, ਮਧੂ ਤੇ ਮਾਨ ਰਾਖਸ਼ ਨੂੰ ਮਾਰਨ ਵਾਲੇ, ਮੁਕਤੀ ਦੇਚ ਵਾਲੇ ਤੇ ਮੁਰ ਰਾਖਸ਼ ਨੂੰ ਮਾਰਨ ਵਾਲੇ ਹੋ।

ਨ੍ਰਿਬਿਕਾਰ ਨਿਰਜੁਰ ਨਿੰਦ੍ਰਾ ਬਿਨੁ ਨਿਰਬਿਖ ਨਰਕ ਨਿਵਾਰੀ॥

ਵਿਕਾਰਾਂ, ਬੁਢਾਪੇ ਤੇ ਨੀਂਦ ਤੋਂ ਰਹਿਤ ਹੋ, ਵਿਸ਼ੇ-ਵਿਕਾਰਾਂ ਤੋਂ ਪਰ੍ਹੇ ਅਤੇ ਨਰਕਾਂ ਤੋਂ ਬਚਾਉਣ ਵਾਲੇ ਹੋ।

ਕ੍ਰਿਪਾ ਸਿੰਧ ਕਾਲ ਤ੍ਰਿ ਦਰਸੀ ਕੁਕ੍ਰਿਤ ਪ੍ਰਨਾਸਨ ਕਾਰੀ॥੨॥

ਕਿਰਪਾ ਦੇ ਸਾਗਰ, ਤਿੰਨਾ ਕਾਲਾਂ ਨੂੰ ਵੇਖਣ ਵਾਲੇ ਅਤੇ ਬੁਰੇ ਕਰਮਾਂ ਨੂੰ ਪੂਰੀ ਤਰ੍ਹਾਂ ਨਾਸ਼ ਕਰਨ ਵਾਲੇ ਹੋ।

ਧਨੁਰਪਾਨ ਧ੍ਰਿਤ ਮਾਨ ਧਰਾਧਰ ਅਨ ਬਿਕਾਰ ਅਸਿ ਧਾਰੀ॥

ਹੱਥ ਵਿੱਚ ਧਨੁਸ਼ ਧਾਰਨ ਕਰਨ ਵਾਲੇ, ਧੀਰਜਵਾਨ, ਧਰਤੀ ਨੂੰ ਧਾਰਨ ਕਰਨ ਵਾਲੇ, ਵਿਕਾਰਾਂ ਤੋਂ

ਰਹਿਤ ਅਤੇ ਤਲਵਾਰ ਧਾਰਨ ਕਰਨ ਵਾਲੇ ਹੋ।

ਹੌ ਮਤਿ ਮੰਦ ਚਰਨ ਸਰਨਾਗਤਿ ਕਰਿ ਗਹਿ ਲੇਹੁ ਉਬਾਰੀ॥੩॥੪॥

ਮੈਂ ਮੰਦੀ ਬੁੱਧੀ ਵਾਲਾ ਤੁਹਾਡੀਸ਼ਰਨ ਵਿੱਚ ਆਇਆ ਹਾਂ, ਮੇਰਾ ਹੱਥ ਫੜ੍ਹ ਕੇ ਮੈਨੂੰ ਬਚਾ ਲਵੋ।

ਰਾਗੁ ਕਲਿਆਣ ਪਾਤਸਾਹੀ ੧੦

ਬਿਨ ਕਰਤਾਰ ਨ ਕਿਰਤਮ ਮਾਨੋ॥

ਕਰਤਾਰ ਤੋਂ ਬਿਨਾਂ ਕਿਸੇ ਹੋਰ ਦੇ ਕੀਤੇ ਹੋਏ ਨੂੰ ਨਾ ਮੰਨੋ।

ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ॥੧॥ਰਹਾਉ॥

ਜਿਹੜਾ ਮੁੱਢ ਤੋਂ ਹੈ, ਜੂਨਾਂ ਤੋਂ ਰਹਿਤ, ਅਜਿੱਤ ਤੇ ਨਾਸ਼ ਰਹਿਤ ਹੈ, ਉਸਨੂੰ ਪਰਮੇਸ਼ਰ ਜਾਣੋ।

ਕਹਾ ਭਯੋ ਜੋ ਆਨਿ ਜਗਤ ਮੈ ਦਸਕ ਅਸੁਰ ਹਰਿ ਘਾਏ॥

ਕੀ ਹੋਇਆ ਜੇ ਵਿਸ਼ਨੂੰ ਨੇ ਜਗਤ ਵਿੱਚ ਆ ਕੇ ਦਸ ਕੁ ਦੈਂਤ ਮਾਰ ਦਿੱਤੇ।

ਅਧਿਕ ਪਰਪੰਚ ਦਿਖਾਇ ਸਭਨ ਕਹ ਆਪਹਿ ਬ੍ਰਹਮੁ ਕਹਾਏ॥੧॥

ਸਾਰਿਆਂ ਨੂੰ ਪਖੰਡ ਵਿਖਾ ਕੇ ਆਪਣੇ ਆਪ ਨੂੰ ਜਰੀ ਅਖਵਾਉਣ ਲੱਗ ਪਿਆ।

ਭੰਜਨ ਗੜਨ ਸਮਰਥ ਸਦਾ ਪ੍ਰਭੁ ਸੋ ਕਿਮ ਜਾਤਿ ਗਿਨਾਯੋ॥

ਜੋ ਪ੍ਰਭੂ ਸਦਾ ਹੀ ਭੰਨਣ ਤੇ ਘੜਨ ਦੇ ਸਮਰੱਥ ਹੈ, ਉਸਨੂੰ ਵਿਸ਼ਨੂੰ ਕਿਵੇਂ ਮੰਨਿਆ ਜਾ ਸਕਦਾ ਹੈ।

ਤਾ ਤੇ ਸਰਬ ਕਾਲ ਕੇ ਅਸਿ ਕੋ ਘਾਇ ਬਚਾਇ ਨ ਆਯੋ॥੨॥

ਇਸ ਕਰਕੇ ਵਿਸ਼ਨੂੰ ਮਹਾਂ ਕਾਲ ਦੇ ਤਲਵਾਰ ਦੇ ਵਾਰ ਤੋਂ ਆਪਣੇ ਆਪ ਨੂੰ ਬਚਾ ਨਹੀਂ ਸਕਿਆ।

ਕੈਸੇ ਤੋਹਿ ਤਾਰਿ ਹੈ ਸੁਨਿ ਜੜ ਆਪ ਡੁਬਿਓ ਭਵ ਸਾਗਰ॥

ਹੇ ਮੂਰਖ ਸੁਣ! ਉਹ ਤੈਨੂੰ ਕਿਵੇਂ ਬਚਾ ਸਕੇਗਾ, ਜੋ ਆਪ ਸੰਸਾਰ ਸਾਗਰ ਵਿੱਚ ਡੁੱਬਿਆ ਹੋਇਆ ਹੈ।

ਛੁਟਿਹੋ ਕਾਲ ਫਾਸ ਤੇ ਤਬਹੀ ਗਹੋ ਸਰਨਿ ਜਗਤਾਗਰ॥੩॥੫॥

ਤੂੰ ਤਾਂ ਹੀ ਕਾਲ ਦੀ ਫਾਹੀ ਤੋਂ ਛੁੱਟ ਸਕਦਾ ਹੈਂ, ਜੇ ਜਗਤ ਨੈਂ ਤਾਰਨ ਵਾਲੇ ਦੀ ਸ਼ਰਨ ਪਕੜੇਂਗਾ।

ਖਿਆਲ ਪਾਤਸਾਹੀ ੧੦

ਮਿਤ੍ਰ ਪਿਆਰੇ ਨੂ ਹਾਲ ਫਕੀਰਾਂ ਦਾ ਕਹਿਣਾ॥

ਪਿਅਰੇ ਮਿੱਤਰ ਪ੍ਰਭੂ ਨੂੰ ਮੇਰਾ ਫਕੀਰ ਦਾ ਹਾਲ ਦੱਸਣਾ।

ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ॥

ਤੇਰੇ ਤੋਂ ਬਿਨਾਂ ਰਜਾਈਆਂ ਦਤ ਓੜਨਾ ਰੋਗ ਸਮਾਨ ਹੈ ਅਤੇ ਨਿਵਾਸ ਸਥਾਨਾਂ ਵਿੱਚ ਰਹਿਣਾ ਨਾਗਾਂ ਵਿੱਚ ਰਹਿਣਾ ਹੈ।

ਸੂਲ ਸੁਰਾਹੀ ਖੰਜਰੁ ਪਿਆਲਾ ਬਿੰਗੁ ਕਸਾਈਆਂ ਦਾ ਸਹਿਣਾ॥

ਤੇਰੇ ਤੋਂ ਬਿਨਾਂ ਸੁਰਾਹੀ ਸੂਲ ਵਰਗੀ, ਪਿਆਲਾ ਖੰਜ਼ਰ ਵਰਗਾ ਤੇ ਵਿਯੋਗ ਕਸਾਈਆਂ ਦੇ ਵਿੰਗੇ ਛੁਰੇ ਨੂੰ ਸਹਿਣ ਕਰਨ ਦੇ ਸਮਾਨ ਹੈ।

ਯਾਰੜੇ ਦਾ ਸਾਨੂ ਸੱਥਰੁ ਚੰਗਾ ਭਠ ਖੇੜਿਆਂ ਦਾ ਰਹਿਣਾ॥੧॥੬॥

ਮੈਨੂੰ ਸੱਜਣ ਦਾ ਕੱਖਾਂ ਦਾ ਵਿਛਾਉਣਾ ਹੀ ਚੰਗਾ ਹੈ ਅਤੇ ਖੇੜਿਆਂ ਦੇ ਸੁਖਦਾਇਕ ਬਿਸਤਰੇ ਮੇਰੇ ਲਈ ਭੱਠੀ ਸਮਾਨ ਹਨ।

ਤਿਲੰਗ ਕਾਫੀ ਪਾਤਸਾਹੀ ੧੦

ਕੇਵਲ ਕਾਲਈ ਕਰਤਾਰ॥

ਕੇਵਲ ਕਾਲ ਹੀ ਸਭ ਦਾ ਕਰਤਾ ਹੈ।

ਆਦਿ ਅੰਤਿ ਅਨੰਤਿ ਮੂਰਤਿ ਗੜਨ ਭੰਜਨ ਹਾਰ॥੧॥ਰਹਾਉ॥

ਆਦਿ ਤੋਂ ਅੰਤ ਤੱਕ ਅਨੰਤ ਮੂਰਤਾਂ ਬਣਾਉਣ ਅਤੇ ਭੰਨਣ ਵਾਲਾ ਹੈ।

ਨਿੰਦ ਉਸਤਤਿ ਜਉਨ ਕੇ ਸਮ ਸਤ੍ਰ ਮਿਤ੍ਰ ਨ ਕੋਇ॥

ਜਿਸ ਲਈ ਨਿੰਦਿਆ ਤੇ ਉਸਤਤ ਇੱਕ ਸਮਾਨ ਹੈ ਅਤੇ ਜਿਸਦਾ ਕੋਈ ਵੈਰੀ ਅਤੇ ਮਿੱਤਰ ਨਹੀਂ ਹੈ।

ਕਉਨ ਬਾਟ ਪਰੀ ਤਿਸੈ ਪਥ ਸਾਰਥੀ ਰਥ ਹੋਇ॥੧॥

ਉਸਨੂੰ ਕਿਹੜੀ ਔਖ ਆ ਬਣੀ ਸੀ ਕਿ ਉਹ ਅਰਜਨ ਦਾ ਸਾਰਥੀ ਬਣਿਆ ਸੀ।

ਤਾਤ ਮਾਤ ਨ ਜਾਤ ਜਾ ਕਰ ਪੁਤ੍ਰ ਪੌਤ੍ਰ ਮੁਕੰਦ॥

ਜਿਸ ਮੁਕਤੀ ਦਾਤੇ ਦਾ ਨਾ ਪਿਤਾ ਹੈ, ਨਾ ਮਾਤਾ ਹੈ, ਨਾ ਉਸਦੀ ਜਾਤ ਹੈ ਅਤੇ ਨਾ ਕੋਈ ਪੁੱਤ-ਪੋਤਰਾ ਹੈ।

ਕਉਨ ਕਾਜਿ ਕਹਾਹਿੰ ਗੇ ਜਗ ਆਨਿ ਦੇਵਕਿ ਨੰਦ॥੨॥

ਫਿਰ ਉਹ ਕਿਸ ਕੰਮ ਕਰਕੇ ਦੇਵਕੀ ਦਾ ਪੁੱਤਰ ਕਹਾਇਆ?

ਦੇਵ ਦੈਤ ਦਿਸਾ ਵਿਸਾ ਜਿਹ ਕੀਨ ਸਰਬ ਪਸਾਰਿ॥

ਦੇਵਤੇ, ਦੈਂਤ, ਸਾਰੀਆਂ ਦਿਸ਼ਾਵਾਂ ਅਤੇ ਸਾਰਾ ਪਸਾਰਾ ਜਿਸਦਾ ਪਸਾਰਿਆ ਹੈ।

ਕਉਨ ਉਪਮਾ ਤਉਨ ਕੋ ਮੁਖ ਲੇਤ ਨਾਮੁ ਮੁਰਾਰਿ॥੩॥੭॥

ਉਸਦੀ ਇਹ ਕਿਹੜੀ ਉਪਮਾ ਹੈ? ਜੋ ਤੂੰ ਉਸਦਾ ਨਾਮ ਮੂੰਹੋਂ ਮੁਰਾਰੀ ਲੈ ਰਿਹਾ ਹੈਂ।

ਰਾਗੁ ਬਿਲਾਵਲੁ ਪਾਤਸਾਹੀ ੧੦

ਸੋ ਕਿਮ ਮਾਨਸ ਰੂਪ ਕਹਾਏ॥

ਉਸਨੂੰ ਕਿਸ ਤਰ੍ਹਾਂ ਮਨੁੱਖ ਸਰੂਪ ਕਿਹਾ ਜਾਂਦਾ ਹੈ।

ਸਿਧਯ ਸਮਾਧਿ ਸਾਧ ਕਰਿ ਹਾਰੇ ਕਿਉ ਹੂ ਨ ਦੇਖਨ ਪਾਏ॥੧॥ ਰਹਾਉ॥

ਜਿਸ ਦੇ ਦਰਸ਼ਨ ਲਈ ਸਿੱਧ ਲੋਕ ਸਮਾਧੀ ਲਾ ਕੇ ਹਾਰ ਗਏ ਪਰ ਕਿਵੇਂ ਵੀ ਉਸਨੂੰ ਵੇਖ ਨਾ ਸਕੇ।

ਨਾਰਦ ਬਿਆਸ ਪਰਾਸਰ ਧ੍ਰੂਅ ਸੇ ਧਿਆਵਤ ਧਿਆਨ ਲਗਾਏ॥

ਨਾਰਦ, ਵਿਆਸ, ਪਰਾਸ਼ਰ ਤੇ ਧ੍ਰੂਅ ਵਰਗੇ ਜਿਸਦਾ ਧਿਆਨ ਲਗਾਉਂਦੇ ਰਹੇ ਹਨ।

ਬੇਦ ਪੁਰਾਨ ਹਾਰਿ ਹਠ ਛਾਡਿਓ ਤਦਪਿ ਧਯਾਨ ਨ ਆਏ॥੨॥

ਵੇਦਾਂ ਤੇ ਪੁਰਾਨਾਂ ਨੇ ਹਾਰ ਕੇ ਹੱਠ ਛੱਡ ਦਿੱਤਾ ਹੈ, ਪਰ ਫਿਰ ਵੀ ਉਨ੍ਹਾਂ ਦੇ ਧਿਆਨ ਵਿੱਚ ਨਹੀਂ ਆਇਆ।

ਦਾਨਵ ਦੇਵ ਪਿਸਾਚ ਪ੍ਰੇਤ ਤੇ ਨੇਤਹਿ ਨੇਤਿ ਕਹਾਏ॥

ਦੈਂਤ, ਦੇਵਤੇ, ਪਿਸ਼ਾਚ ਤੇ ਪ੍ਰੇਤ ਉਸਨੂੰ ਬੇਅੰਤ-ਬੇਅੰਤ ਕਹਿੰਦੇ ਹਨ।

ਸੂਛਮ ਤੇ ਸੂਛਮ ਕਰਿ ਚੀਨੇ ਬ੍ਰਿਧਨ ਬ੍ਰਿਧ ਬਤਾਏ॥੩॥

ਸੂਖਮ ਤੋਂ ਸੂਖਮਕਰਕੇ ਵੀ ਉਹੀ ਜਾਣਿਆ ਜਾਂਦਾ ਹੈ ਅਤੇ ਵੱਡੇ ਤੋਂ ਵੱਡਾ ਵੀ ਉਹੀ ਦੱਸਿਆ ਜਾਂਦਾ ਹੈ।

ਭੂਮਿ ਅਕਾਸ ਪਤਾਲ ਸਬੈ ਸਜਿ ਏਕ ਅਨੇਕ ਸਦਾਏ॥

ਧਰਤੀ, ਆਕਾਸ਼, ਪਾਤਾਲ ਆਦਿ ਸਭ ਨੂੰ ਬਣਾ ਕੇ ਉਹ ਇੱਕ ਤੋਂ ਅਨੇਕ ਰੂਪਾਂ ਵਾਲਾ ਸਦਵਾਇਆ ਹੈ।

ਸੋ ਨਰ ਕਾਲ ਫਾਂਸ ਤੇ ਬਾਚੇ ਜੋ ਹਰਿ ਸਰਣਿ ਸਿਧਾਏ॥੪॥੮॥

ਉਹ ਜੀਵ ਕਾਲ ਦੀ ਫਾਹੀ ਤੋਂ ਬਚ ਜਾਂਦੇ ਹਨ, ਜੋ ਪ੍ਰਭੂ ਦੀ ਸ਼ਰਨ ਵਿੱਚ ਜਾਂਦੇ ਹਨ।

ਦੇਵ ਗੰਧਾਰੀ ਪਾਤਸਾਹੀ ੧੦

ਇਕ ਬਿਨ ਦੂਸਰ ਸੋ ਨ ਚਿਨਾਰ॥

ਉਸ ਇੱਕ ਪ੍ਰਭੂ ਤੋਂ ਬਿਨਾਂ ਦੂਜੇ ਨੂੰ ਨਾ ਵੇਖੋ।

ਭੰਜਨ ਗੜਨ ਸਮਰੱਥ ਸਦਾ ਪ੍ਰਭੁ ਜਾਨਤ ਹੈ ਕਰਤਾਰ॥੧॥ ਰਹਾਉ॥

ਜੋ ਪ੍ਰਭੂ ਘੜਨ ਤੇ ਭੰਜਨ ਦੇ ਸਮਰੱਥ ਹੈ, ਉਹ ਕਰਤਾਰ ਸਭ ਕੁਝ ਜਾਣਦਾ ਹੈ।

ਕਹਾ ਭਯੋ ਜੋ ਅਤਿ ਹਿਤ ਚਿਤ ਕਰਿ ਬਹੁ ਬਿਧਿ ਸਿਲਾ ਪੁਜਾਈ॥

ਕੀ ਹੋਇਆ ਜੇ ਬਹੁਤ ਹਿਤ ਚਿਤ ਨਾਲ ਬਹੁਤ ਤਰ੍ਹਾਂ ਪੱਥਰਾਂਦੀ ਪੂਜਾ ਕੀਤੀ ਹੈ।

ਪਾਨ ਥਕੇ ਪਾਹਨ ਕਹ ਪਰਸਤ ਕਛੁ ਕਰਿ ਸਿੱਧਿ ਨ ਆਈ॥੧॥

ਪੱਥਰਾਂ ਨੂੰ ਪੂਜਦਿਆਂ ਸਰੀਰ ਖਤਮ ਹੋ ਗਿਆ, ਪਰ ਕੋਈ ਸਿੱਧੀ ਹੱਥ ਨਹੀਂ ਲੱਗੀ।

ਅਛਤ ਧੂਪ ਦੀਪ ਅਰਪਤ ਹੈ ਪਾਹਨ ਕਛੂ ਨ ਖੈ ਹੈ॥

ਚਾਵਲ, ਧੁਪ, ਦੀਪ ਆਦਿ ਅਰਪਨ ਕੀਤਾ ਜਾਂਦਾ ਹੈ, ਪਰ ਪੱਥਰ ਕੁਝ ਨਹੀਂ ਖਾਂਦਾ।

ਤਾ ਮੈ ਕਹਾ ਸਿਧਯ ਹੈ ਰੇ ਜੜ ਤੋਹਿ ਕਛੂ ਬਰ ਦੈ ਹੈ॥੨॥

ਹੇ ਮੂਰਖ! ਉਸ ਵਿੱਚ ਕਿਹੜੀ ਸਿੱਧੀ ਹੈ? ਜੋ ਤੈਨੂੰ ਕੋਈ ਵਰ ਦੇਵੇਗਾ।

ਜੌ ਜੀਅ ਹੋਤ ਤੌ ਦੇਤ ਕਛੁ ਤੁਹਿ ਮਨ ਬਚ ਕਰਮ ਬਿਚਾਰ॥

ਤੂੰ ਮਨ, ਬਾਣੀ ਤੇ ਕਏਮ ਕਰਕੇ ਵਿਚਾਰ ਲੈ ਕਿ ਜੇ ਉਸ ਵਿੱਚ ਜੀਵਨ ਹੁੰਦਾ ਤਾਂ ਤੈਨੂੰ ਕੁਝ ਜ਼ਰੂਰ ਦੇਂਦਾ।

ਕੇਵਲ ਏਕ ਸਰਣਿ ਸੁਆਮੀ ਬਿਨੁ ਯੌ ਨ ਕਤਹਿ ਉਧਾਰ॥੩॥੯॥

ਸਿਰਫ ਇੱਕ ਮਾਲਕ ਤੋਂ ਬਿਨਾਂ ਹੋਰ ਕਿਸੇ ਤਰ੍ਹਾਂ ਵੀ ਤੇਰਾ ਉਧਾਰ ਨਹੀਂ ਹੋਵੇਗਾ।

ਦੇਵ ਗੰਧਾਰੀ ਪਾਤਸ਼ਾਹੀ ੧੦

ਬਿਨ ਹਰਿ ਨਾਮ ਨ ਬਾਚਨ ਪੈ ਹੈ॥

ਹੇ ਜੀਵ! ਹਰੀ ਦੇ ਨਾਮ ਤੋਂ ਬਿਨਾਂ ਤੂੰ ਬਚ ਨਹੀਂ ਸਕੇਂਗਾ।

ਚੌਦਹ ਲੋਕ ਜਾਹਿ ਬਸਿ ਕੀਨੇ ਤਾਤੇ ਕਹਾ ਪਲੈ ਹੈ॥੧॥ਰਹਾਉ॥

ਜਿਸਨੇ ਚੌਦਾਂ ਲੋਕ ਵੱਸ ਕੀਤੇ ਹਨ, ਉਸ ਤੋਂ ਕਿੱਥੇ ਭੱਜ ਕੇ ਜਾਵੇਂਗਾ?

ਰਾਮ ਰਹੀਮ ਉਬਾਰ ਨ ਸਾਕਿ ਹੈ ਜਾ ਕਰਿ ਨਾਮੁ ਰਟੈ ਹੈ॥

ਰਾਮ ਤੇ ਰਹੀਮ ਵੀ ਤੈਨੂੰ ਬਚਾ ਨਹੀਂ ਸਕਦੇ, ਜਿੰਨਾਂ ਦੇ ਨਾਮ ਤੂੰ ਰਟਦਾ ਹੈਂ।

ਬ੍ਰਹਮਾ ਬਿਸਨੁ ਰੁਦ੍ਰ ਸੂਰਜ ਸਸਿ ਤੇ ਬਸਿ ਕਾਲ ਸਬੈ ਹੈ॥੧॥

ਬ੍ਰਹਮਾ, ਵਿਸ਼ਨੂੰ, ਸ਼ਿਵ, ਸੂਰਜ ਤੇ ਚੰਦਰਮਾ ਇਹ ਸਾਰੇ ਹੀ ਕਾਲ ਦੇ ਵੱਸ ਵਿੱਚ ਹਨ।

ਬੇਦ ਪੁਰਾਨ ਕੁਰਾਨ ਸਬੈ ਮਤ ਜਾ ਕਰ ਨੇਤਿ ਕਹੈ ਹੈ॥

ਸਾਰੇ ਵੇਦ, ਪਰਾਨ ਤੇ ਕੁਰਾਨ ਉਸਨੂੰ ਬੇਅੰਤ ਕਹਿੰਦੇ ਹਨ।

ਇੰਦਰ ਫਨਿੰਦਰ ਮੁਨਿੰਦਰ ਕਲਪ ਬਹੁ ਧਯਾਵਤ ਧਿਆਨ ਨ ਐਹੈ॥੨॥

ਇੰਦਰ, ਸ਼ੇਸ਼ਨਾਗ, ਮੁਨੀ ਆਦਿ ਜਿਸਨੂੰ ਬਹੁਤ ਕਲਪਾਂ ਤੱਕ ਧਿਆਉਂਦੇ ਹਨ।

ਜਾ ਕਹ ਰੂਪ ਰੰਗ ਨਹਿ ਜਨਿਯਤ ਸੋ ਕਿਮ ਸਯਾਮ ਕਹੈ ਹੈ॥

ਜਿਸਦਾ ਰੂਪ-ਰੰਗ ਨਹੀਂ ਜਾਣਿਆ ਜਾਂਦਾ, ਉਸਨੂੰ ਸ਼ਿਆਮ ਕਿਵੇਂ ਕਿਹਾ ਜਾ ਸਕਦਾ ਹੈ?

ਛੁਟਿਹੋ ਕਾਲ ਜਾਲ ਤੇ ਤਬ ਹੀ ਤਾਹਿ ਚਰਨ ਲਪਟੈ ਹੈ॥੩॥੧੦॥

ਹੇ ਜੀਵ! ਕਾਲ ਦੇ ਜਾਲ ਤੋਂ ਤਦ ਹੀ ਛੁੱਟ ਸਕੇਂਗਾ, ਜੇ ਉਸ ਪ੍ਰਭੂ ਦੇ ਚਰਨਾਂ ਨਾਲ ਲਿਪਟ ਜਾਏਂਗਾ।

ਕਾਵਿ-ਕੀਆਰੀ

ਚੇੜ੍ਹ ਚਾਲ ਹੈ ਨਿਆਰੀ ਇਕ ਪੰਥ ਨਾਮਧਾਰੀ,
ਸਿੰਘ ਹੋਇ ਬੇਸ਼ੁਮਾਰੀ, ਫਤੇ ਸਭ ਕੋ ਬੁਲਾਂਵਦੇ।
ਕੰਘਾ ਕੇਸ ਤੇ ਕ੍ਰਿਪਾਨ ਕੱਛ ਕੜਾ ਇਹ ਪਛਾਨ,
ਇਹੋ ਸਿੰਘਾਂ ਦੇ ਨਿਸ਼ਾਨ ਜੋ ਪਹਿਰਾਵਾ ਅੰਗ ਲਾਂਵਦੇ।
ਬੈਠ ਲਾਂਵਦੇ ਦੀਵਾਨ ਸਾਰਾ ਵੇਖਦਾ ਜਹਾਨ,
ਇਕ ਹੋਣ ਮਸਤਾਨੇ ਛੈਣੇ ਢੋਲਕੀ ਵਜਾਂਵਦੇ।
'ਨਿਹਾਲ ਸਿੰਘ' ਸਾਧ ਸੰਤ ਬੈਠ ਪੜ੍ਹਦੇ ਨੇ ਗ੍ਰੰਥ,
ਇਕ ਉਠ ਪਰਭਾਤੇ ਵਾਰ ਆਸਾ ਦੀ ਲਗਾਂਵਦੇ।

ਫੱਗਣ ਫੇਰ ਕਦੀ ਆਵੀਂ ਮੁਖ ਆਪਣਾ ਦਿਖਾਵੀਂ,
ਰਤਾ ਚੈਨ ਨਹੀਂ ਆਵੇ ਤੇਰੀ ਸੰਗਤ ਕੁਰਲਾਂਵਦੀ।
ਬੁਰਾ ਗੁਰਾਂ ਦਾ ਵਿਛੋੜਾ, ਜੈਸੇ ਜਿਗਰ ਵਿਚ ਫੋੜਾ,
ਦਿਨ ਰਾਤ ਇਹੋ ਝੋਰਾ, ਕੋਈ ਗਲ ਨਹੀਂ ਭਾਂਵਦੀ।
ਹੋਈ ਹਾਲ ਤੋਂ ਬੇਹਾਲ, ਖੁੱਲ੍ਹੇ ਗਲ ਵਿਚ ਵਾਲ,
ਫਿਰ ਥੱਕੀ ਢੂੰਡ ਭਾਲ, ਨੈਣੀਂ ਨੀਂਦ ਨਹੀਂ ਆਂਵਦੀ।
'ਨਿਹਾਲ ਸਿੰਘ' ਔਗੁਣਹਾਰ, ਆਇਆ ਤੇਰੇ ਦਰਬਾਰ,
ਗੁਰੂ ਭੁਲ ਚੁਕ ਬਖਸ਼, ਸੰਗਤ ਸੀਸ ਹੈ ਨਿਵਾਂਵਦੀ।

ਸੰਤ ਨਿਹਾਲ ਸਿੰਘ

ਚੜ੍ਹਦੇ ਚੇਤਰ ਚਿੱਤ ਉਦਾਸ,
ਚਲੀਏ ਸਤਿਗੁਰਾਂ ਦੇ ਪਾਸ,
ਕਰੀਏ ਹੱਥ ਜੋੜ ਅਰਦਾਸ,
ਸਾਨੂੰ ਰੱਖੋ ਆਪਣੇ ਪਾਸ,
ਦੇਵੋ ਚਰਨਾਂ ਵਿਚ ਨਿਵਾਸ,
ਮੈਂ ਔਗੁਣ ਹਾਰੀਆਂ।

ਜਦ ਮੈਂ ਹੋ ਵੈਰਾਗਣ ਚੱਲੀ,
ਚਰਖੇ ਤੰਦ ਨਾ ਲਾਹੀ ਛੱਲੀ,
ਘਰ ਤੋਂ ਤੁਰਕੇ ਭਈ ਇਕੱਲੀ,
ਮੈਨੂੰ ਲੋਕ ਆਖਦੇ ਝੱਲੀ,
ਕਿਸੇ ਦੀ ਗੱਲ ਨਾ ਲਗਦੀ ਭੱਲੀ,
ਮੈਂ ਬਲਿਹਾਰੀਆਂ।

ਸਤਿਗੁਰ ਮੇਰਾ ਦੀਨ ਦਇਆਲ,
ਲੱਧਾ ਰਾਮ ਦਾਸ ਪੁਰੇ ਵਿੱਚ ਭਾਲ,
ਦੇ ਕੇ ਸ਼ਬਦ ਤੇ ਕਰੇ ਨਿਹਾਲ,
ਕੱਟੇ ਜਨਮ ਮਰਨ ਦੇ ਜਾਲ,
ਮੈਂ ਸਤਿਗੁਰ ਤਾਰੀਆਂ।

ਸੁਣ ਲਓ ਸੰਤ ਜਨਾਂ ਗਲ ਹੋਰ,
ਮੈਨੂੰ ਭਜਨ ਲੈਣ ਦੀ ਲੋੜ,
ਤਾਂ ਮੈਂ ਪਹੁੰਚੀ ਸਤਿਗੁਰ ਕੋਲ,
ਲਿਆ ਭਜਨ ਮੈਂ ਕਰ ਕੇ ਜ਼ੋਰ,
ਘਰ ਵਿਚ ਰਹੇ ਹਮੇਸ਼ਾ ਸ਼ੋਰ,
ਸੱਸ ਕਢੇਂਦੀ ਮੰਦੇ ਬੋਲ,
ਨੀ ਤੈਂ ਜਾਣਾ ਕੂਕਿਆਂ ਕੋਲ,
ਇਹ ਮਿਹਣੇ ਮਾਰਦੀ।

ਚੰਦਾ ਸਿੰਘ ਝੱਬਰ

ਜੀਹਨੂੰ ਆਖਦੇ ਅਕਾਲ ਸੁਰਗ-ਲੋਕ ਤੇ ਪਇਆਲ,
ਸੋਈ ਪ੍ਰਗਟਿਆ ਗੁਪਾਲ ਰਾਮ ਸਿੰਘ ਜੋ ਕਹਾਉਂਦਾ।
ਜੇਹੜਾ ਸੁਣੀਂਦਾ ਸੀ ਦੂਰ ਸੋਈ ਪੇਖਿਆ ਹਜ਼ੂਰ,
ਜੈਸੇ ਪਾਣੀ ਉਤੇ ਬੂਰ ਪਉਣ ਛਿਨ ਮੇਂ ਹਟਾਉਂਦਾ।
ਕੀਤੀ ਧਰਤ ਨੇ ਪੁਕਾਰ ਮੈਂ ਤਾਂ ਹੋਈ ਹਾਂ ਲਾਚਾਰ,
ਮੈਨੂੰ ਦੇਣਾ ਜੀ ਦੀਦਾਰ ਭਾਰ ਚਕਿਆ ਨਹੀਂ ਜਾਉਂਦਾ।
ਸੁਣੀ ਅਰਜੋਈ ਮਹਾਰਾਜ ਮੰਨੀ ਸੋਈ,
ਐਸਾ ਦੇਖਕੇ ਤਰਸ ਤਾਂ ਧਰਾ ਉੱਤੇ ਆਉਂਦਾ।

ਗਿਆਨੀ ਕਾਹਲਾ ਸਿੰਘ 'ਨੰਗਲ'

ਬਾਲ ਅਵਸਥਾ ਵਿਚ 'ਵ੍ਰਿਜੇਸ਼' ਨੇ
ਅਦਭੁਤ ਮੂਰਤਿ ਚੀਨੀ।
ਸਿਰ ਤੇ ਖੰਡਾ ਹੱਥ ਸਿਮਰਨੀ
ਚੜ੍ਹਿਆ ਬਾਂਕੀ ਚੀਨੀ।
ਜਿਸਦੀ ਮਿੱਠੀ ਬਾਣੀ ਅੱਗੇ
ਫਿੱਕੀ ਲਗਦੀ ਚੀਨੀ।
ਦਰਸ਼ਨ ਕਰਕੇ ਨੇਤ੍ਰ ਵਿਗਸਦੇ
ਜਿਉਂ ਰਵਿ ਪਿਖ ਗੁਲ ਚੀਨੀ

ਕਾਹਨ ਸਿੰਘ 'ਨਾਭਾ'

ਸੁਣਕੇ ਫਾਂਸੀ ਦੀ ਸਜ਼ਾ ਨੂੰ ਸਿੰਘ ਚਾਰੇ,
ਖੁਸ਼ੀਆਂ ਬਹੁਤ ਹੀ ਬਲੀ ਮਨਾਉਣ ਲੱਗੇ।
ਨਾਹਰੇ ਮਾਰਦੇ ਗੂੰਜਦੇ ਸ਼ੇਰ ਵਾਂਗੂੰ,
ਸਿੰਘ ਫਤੇ ਪਰ ਫਤੇ ਬੁਲਾਉਣ ਲੱਗੇ।
ਧੰਨ ਸਤਿਗੁਰੂ ਸਤਿਗੁਰੂ ਆਖ ਮੂੰਹੋਂ,
ਸ਼ਬਦ ਉੱਚੀ-ਉੱਚੀ ਨਾਲੇ ਗਾਉਣ ਲੱਗੇ।
ਸੁਣਕੇ ਮੌਤ ਦੀ ਸਜ਼ਾ 'ਹਰਨਾਮ ਸਿੰਘਾ',
ਚਾਰੋਂ ਖਾਲਸੇ ਜੱਲੀਆਂ ਪਾਉਣ ਲੱਗੇ।

ਹਰਨਾਮ ਸਿੰਘ ਬਗਲੀ ਕਲਾਂ

ਸੋਈ ਨੇਤਿ ਫੁਰੀ ਆਇ ਸੰਮਤ ਬਹੱਤ੍ਰੇ ਮੈਂ,
ਮਾਘ ਸੁਦੀ ਪੰਚਮੀ ਸਵੇਰੇ ਗੁਰੁ ਵਾਰ ਕੈ।
ਜ਼ਿਲੇ ਲੁਦਿਹਾਨੇ ਗ੍ਰਾਮ ਭੈਣੀ ਨਾਮ ਜਾਣੇ ਆਮ,
ਅਵਤਰੇ ਸਿੰਘ ਰਾਮ ਕਲਮਲੈਂ ਟਾਰ ਕੈ।
ਜਾਤਿ ਤਰਖਾਨ ਜੱਸੇ ਨਾਮ ਕੇ ਅਵੱਸੇ ਘਰਿ,
ਸੱਦਾਂ ਮਾਤ ਸੈਂ ਪ੍ਰਕਾਸ਼ੇ ਨਾਮ ਪਰਚਾਰ ਕੈ।
ਬਾਲਕ ਹੀ ਪਨ ਮੈਂ ਥੇ ਈਸ਼ਵਰ ਕੋ ਮਨ ਮੈਂ ਥੇ,
ਧਯਾਵਤੇ ਸਗਨ ਮੈਂ ਥੇ ਜਨੋ ਕੋ ਸੁਧਾਰ ਕੈ।

ਗਿਆਨੀ ਗਿਆਨ ਸਿੰਘ

ਆਈ ਹੈ ਬਸੰਤ ਕੌਰ ਬੰਨ੍ਹਕੇ ਬਸੰਤੀ ਸਾੜ੍ਹੀ,
ਠੁਮਕ ਠੁਮਕ ਚਾਲ ਅਜਬ ਸੁਹਾਈ ਹੈ।
ਸੁਹਾਈ ਹੈ ਅਜਬ ਗੁਲਜ਼ਾਰ ਲਾਲਾ ਜ਼ਾਰ ਵਿਚ,
ਗੁੰਚਿਆਂ ਟਹਿਕ ਕੇ ਬਹਾਰ ਖ਼ੂਬ ਲਾਈ ਹੈ।
ਲਾਈ ਹੈ ਬਹਾਰ ਖ਼ੂਬ ਥਿੱਤ ਅੱਜ ਪੰਚਮੀ ਹੈ,
ਘਰ-ਘਰ ਵਿਚ ਗਾਏ ਮੰਗਲ ਲੁਕਾਈ ਹੈ।
ਲੁਕਾਈ ਹੈ ਮਨਾ ਰਹੀ ਪੁਰਬ ਚੀਨੀ ਵਾਲੜੇ ਦਾ,
ਕੁੱਲ ਆਲਮ ਦੇ ਤਾਈਂ ਦੇਵੇ 'ਆਲਿਮ' ਵਧਾਈ ਹੈ।

ਨਿਧਾਨ ਸਿੰਘ 'ਆਲਿਮ'

ਪ੍ਰੀਤਮ ਪਿਆਰਾ

(ਸ੍ਰੀ ਗੁਰੂ ਗੋਬਿੰਦ ਸਿੰਘ ਜੀ)

ਮੇਰੀ ਸਖੀ ਸਹੇਲੜੀਓ, ਇਕ ਹਾਲ ਸੁਣਾਵਾਂ ਨੀ,
ਦੁੱਖ ਸੁਣਕੇ ਬੱਚਿਆਂ ਦਾ, ਮਰ ਜਾਵਣ ਮਾਵਾਂ ਨੀ।
ਜਦ ਧਰਮ ਨੂੰ ਖ਼ਤਰਾ ਸੀ, ਸਰਮਾਏਦਾਰੀ ਤੋਂ,
ਵਹਿਮਾਂ ਤੇ ਰਸਮਾਂ ਤੋਂ ਤੇ ਫਿਰਕਾਦਾਰੀ ਤੋਂ।
ਰਾਜੇ ਜਰਵਾਣੇ ਨੀ, ਕਰ ਜ਼ੋਰ ਧਿੰਙਾਣੇ ਨੀ,
ਪਤ ਖੋਂਹਕੇ ਲੋਕਾਂ ਦੀ ਕਰਦੇ ਮਨ ਭਾਣੇ ਨੀ।
ਲੋਕਾਂ ਦੀਆਂ ਲਹਿਰਾਂ ਨੂੰ ਜਨਤਾਂ ਦੀਆਂ ਮੰਗਾਂ ਨੂੰ,
ਲੋਕਾਂ ਦੀ ਸ਼ਾਨ ਦੀਆਂ, ਉਹਨਾਂ ਸਿਖਰ ਦੁਪਹਿਰਾਂ ਨੂੰ,
ਜ਼ਾਲਮ ਨਾ ਜਰਦੇ ਸੀ।
ਜੰਞੂ ਤੇ ਤਿਲਕਾਂ ਦੇ, ਉਹ ਲਾ ਬਹਾਨੇ ਨੀ,
ਤੰਗ ਡਾਹਢਾ ਕਰਦੇ ਸੀ।

ਦੁਖੀਆਂ ਦੀਆਂ ਚੀਕਾਂ ਨੇ, ਧਰਮਾਂ ਦੀਆਂ ਹੂਕਾਂ ਨੇ,
ਲੋਕਾਂ ਦੇ ਜਜ਼ਬੇ ਨੇ ਤੇ ਅਣਖ ਰੰਗੀਲੀ ਨੇ,
ਇਕ ਸ਼ੇਰ ਜਗਾ ਦਿੱਤਾ, ਤੇ ਲੜਣ ਸਿਖਾ ਦਿੱਤਾ।
ਉਸ ਮਰਦੇ ਮੁਜਾਹਦ ਨੇ, ਚੁੱਕੀਆਂ ਤਲਵਾਰਾਂ ਹੋ,
ਦੇ ਕੇ ਲਲਕਾਰਾ ਹੋ, ਆਓ ਸਿਰ ਦੇਵਣ ਦਾ,
ਹੁਣ ਕਰੋ ਤਿਆਰਾ ਹੋ।

ਧਰਤੀ ਦੀ ਹਿੱਕੜੀ ਨੂੰ,
ਸਮਿਆਂ ਦੀ ਸ਼ਕਤੀ ਨੂੰ,
ਦੁਖੀਆਂ ਦੇ ਜੀਵਨ ਨੂੰ,
ਧਰਮਾਂ ਦੀ ਹਸਤੀ ਨੂੰ,
ਲੋੜ ਖ਼ੂਨੀ ਰੰਗਤ ਦੀ, ਸਿਰ ਵਾਰੂ ਸੰਗਤ ਦੀ।
ਕੋਨੇ ਕੋਨੇ ਧਰਤੀ ਦੇ, ਛਿੜੀਆਂ ਝਰਨਾਟਾਂ ਸੀ,
ਬਲ ਉਠੀਆਂ ਲਾਟਾਂ ਸੀ, .
ਸੀਨੇ ਵਿਚ ਜ਼ਾਲਮ ਦੇ ਪਈਆਂ ਨਿਕਲ ਥਰਾਟਾਂ ਸੀ।

ਜ਼ਾਲਮ ਜਰਵਾਣੇ ਨੇ,
ਉਸ ਮਰਦ ਅਗੰਮੜੇ ਦੇ, ਬੱਚਿਆਂ ਨੂੰ ਕੋਹ ਦਿੱਤਾ।
ਬਾਬਲ ਤੇ ਮਾਤਾ ਨੂੰ, ਜ਼ੁਲਮਾਂ ਵਿਚ ਢੋਹ ਦਿੱਤਾ।
ਸਰਸਾ ਦੀਆਂ ਲਹਿਰਾਂ ਨੇ, ਜ਼ਾਲਮ ਦੇ ਕਹਿਰਾਂ ਨੇ,
ਸਿੰਘਾਂ ਦੇ ਵਿਛੋੜੇ ਨੇ, ਘਰ ਮਾਲ ਦੇ ਰੋੜ੍ਹੇ ਨੇ,
ਉਹਨੂੰ ਥਿੜਕਾਇਆ ਨਾ, ਤੇ ਉਹ ਘਬਰਾਇਆ ਨਾ।

ਲੋਕਾਂ ਦੀ ਸੇਵਾ ਨੇ ਬਲੀਦਾਨ ਦੇ ਨਸ਼ਿਆਂ ਨੇ,
ਵਫ਼ਾਦਾਰੀ ਸਿੰਘਾਂ ਦੀ, ਤੇ ਬੇਪ੍ਰਵਾਹੀ ਨੇ,
ਜੰਗਲਾਂ ਵਿਚ ਸੱਥਰਾਂ 'ਤੇ ਉਹਨੂੰ ਲੰਮਿਆਂ ਪਾ ਦਿੱਤਾ,
ਤੇ ਘੂਕ ਸਵਾ ਦਿੱਤਾ।
ਇਸ ਸੁੱਤੇ ਮਾਹੀ ਨੂੰ, ਆ ਨੇੜਿਓਂ ਤੱਕੀਏ ਨੀ,
ਜ਼ਰਾ ਹੌਲੀ ਤੁਰਿਆ ਜੇ, ਨੀਂਦਰ ਨਾ ਖੁੱਲ੍ਹ ਜਾਵੇ,
ਜ਼ਰਾ ਤੱਕੋ ਅੜੀਓ ਨੀ, ਇਹਨੇ ਦੁੱਖੜੇ ਭੁੱਲ ਕੇ ਵੀ,
ਕਿੰਨਾ ਮੁੱਖ ਸੋਂਹਦਾ ਏ, ਤੇ ਮਨ ਨੂੰ ਮੋਂਹਦਾ ਏ।
ਤਾਜਾਂ ਦਾ ਰਾਖਾ ਨੀ, ਰਾਜਾਂ ਦਾ ਮਾਲਕ ਨੀ,
ਨਾ ਲੋਭ ਜਗੀਰਾਂ ਦਾ, ਬਸ ਪਿਆਰ ਏ ਤੀਰਾਂ ਦਾ,
ਸਤਿਗੁਰ ਇਕ ਫਿਰਕੇ ਦਾ, ਏਹਨੂੰ ਆਖੋ ਅੜਿਓ ਨਾ,
ਲੋਕਾਂ ਦਾ ਵਾਰਸ ਇਹ, ਦੁਨੀਆਂ ਦਾ ਵਾਰਸ ਇਹ,
ਵਹਿਮਾਂ ਤੇ ਰਸਮਾਂ ਦਾ, ਇਹ ਖੰਡਨ ਹਾਰਾ ਏ,
ਤਾਹੀਓਂ ਤਾਂ ਹਰ ਦਿਲ ਦਾ,
ਇਹ ਪ੍ਰੀਤਮ ਪਿਆਰਾ ਏ।

ਸੰਤ ਰਾਮ ਉਦਾਸੀ

ਮੈਂ ਕੂਕਾ ਭਾਵੇਂ ਬੱਚਾ ਹਾਂ ਪਰ ਸਕਦਾ ਰੋਕ ਤੂਫ਼ਾਨਾਂ ਨੂੰ

ਮੈਨੂੰ ਜਨਮ ਦਿਤੈ ਗੁਰੂ ਗੋਬਿੰਦ ਦੇ ਖੰਡੇ ਦੀਆਂ ਤਿੱਖੀਆਂ ਧਾਰਾਂ ਨੇ।
ਮੈਂ ਪਲਿਆ ਨੇਜ਼ੇ ਨੋਕਾਂ 'ਤੇ ਮੈਨੂੰ ਛਾਂ ਦਿੱਤੀ ਤਲਵਾਰਾਂ ਨੇ।
ਮੈਨੂੰ ਹੱਸਣਾ ਦੱਸਿਆ ਫੁੱਲਾਂ ਨੇ ਤੇ ਚੁਭਣਾ ਦਸਿਆ ਖਾਰਾਂ ਨੇ।
ਮੈਨੂੰ ਲੜਨਾ ਵਿੱਚ ਮੈਦਾਨਾਂ ਦੇ, ਦੱਸਿਆ ਅਜੀਤ ਜੁਝਾਰਾਂ ਨੇ।
ਕਰ ਦੇਵਾਂ ਢੇਰੀ ਲੱਖਾਂ ਨੂੰ, ਜਦ ਧੂੰਦਾ ਹਾਂ ਕਿਰਪਾਨਾਂ ਨੂੰ।
ਮੈਂ ਕੂਕਾ ਭਾਵੇਂ ਬੱਚਾ ਹਾਂ ਪਰ ਸਕਦਾ ਰੋਕ ਤੂਫ਼ਾਨਾਂ ਨੂੰ।

ਮੈਂ ਹਾਂ ਇਕ ਕੰਧ ਚੱਟਾਨਾਂ ਦੀ, ਨਾ ਖ਼ੁਰਦਾ ਹਾਂ ਨਾ ਢਹਿੰਦਾ ਹਾਂ।
ਮੁੱਕ ਜਾਣ ਤਫੇੜ ਸਾਗਰ ਦੇ, ਮੈਂ ਓਡਾ ਕੋਡਾ ਰਹਿੰਦਾ ਹਾਂ।
ਨਾ ਘੂਰਾਂ ਆਪੂੰ ਮਾੜੇ ਨੂੰ, ਨਾ ਰੋਹਬ ਕਿਸੇ ਦਾ ਸਹਿੰਦਾ ਹਾਂ।
ਮਰਦਾ ਹਾਂ ਸੂਰਿਆਂ ਦੀ ਮੌਤੇ, ਨਾ ਨੀਵਾਂ ਸਿਰ ਕਰ ਲੈਂਦਾ ਹਾਂ।
ਸੂਰਜ ਵੀ ਬੱਦਲੀਂ ਲੁਕ ਜਾਂਦਾ, ਜਦ ਚੜ੍ਹਦਾ ਹਾਂ ਮੈਦਾਨਾਂ ਨੂੰ।
ਮੈਂ ਕੂਕਾ ਭਾਵੇਂ ਬੱਚਾ ਹਾਂ ਪਰ ਸਕਦਾ ਰੋਕ ਤੂਫ਼ਾਨਾਂ ਨੂੰ।

ਦੇਸ਼ ਲਈ ਹੀ ਜਿਉਂਦਾ ਹਾਂ ਅਤੇ ਦੇਸ਼ ਲਈ ਹੀ ਮਰਦਾ ਹਾਂ।
ਇਸੇ ਲਈ ਆਪਣੇ ਸਿਰ ਉੱਤੇ, ਹਰ ਆਈ ਮੁਸੀਬਤ ਜਰਦਾ ਹਾਂ।
ਇਸੇ ਦੀ ਸੇਵਾ ਕੀਤੀ ਏ, ਏਸੇ ਦੀ ਸੇਵਾ ਕਰਦਾ ਹਾਂ।
ਮੈਂ ਲੋਹਾ ਖਾ ਕੇ ਮਰਦਾ ਹਾਂ, ਨਾ ਗੈਰ ਦਾ ਪਾਣੀ ਭਰਦਾ ਹਾਂ।
ਨਿੱਤ ਚੜ੍ਹ ਕੇ ਆਉਂਦੇ ਕਾਬਲ ਤੋਂ, ਮੈਂ ਰੋਕਿਆ ਮੁਗਲ ਪਠਾਨਾਂ ਨੂੰ।
ਮੈਂ ਕੂਕਾ ਭਾਵੇਂ ਬੱਚਾ ਹਾਂ ਪਰ ਸਕਦਾ ਰੋਕ ਤੂਫ਼ਾਨਾਂ ਨੂੰ।

ਮੇਰੇ ਡੌਲੇ ਪੀਡੇ ਹੋਏ ਨੇ, ਜਬਰਾਂ ਨਾਲ ਟੱਕਰ ਲੈ-ਲੈ ਕੇ।
ਮੇਰਾ ਪਿੰਡਾ ਖਰ੍ਹਵਾ ਹੋਇਆ ਏ, ਜੰਗਲਾਂ ਵਿਚ ਭੁੰਞੇ ਪੈ-ਪੈ ਕੇ।
ਮੇਰੀ ਬਸਤੀ ਉੱਚੀ ਹੋਈ ਏ, ਕਦੀ ਪੈ-ਪੈ ਕੇ ਕਦੀ ਢਹਿ-ਢਹਿ ਕੇ।
ਮੇਰੀ ਛਾਤੀ ਪੀਡੀ ਹੋਈ ਏ, ਤੋਪਾਂ ਦੇ ਗੋਲੇ ਸਹਿ-ਸਹਿ ਕੇ।
ਅੱਜ ਵੀ ਜੇ ਲਲਕਾਰ ਮਾਰ ਦਿਆਂ, ਪਿਘਲਾ ਦਿਆਂ ਚਟਾਨਾਂ ਨੂੰ।
ਮੈਂ ਕੂਕਾ ਭਾਵੇਂ ਬੱਚਾ ਹਾਂ ਪਰ ਸਕਦਾ ਰੋਕ ਤੂਫ਼ਾਨਾਂ ਨੂੰ।

ਪ੍ਰਕਾਸ਼ ਰਾਏਸਰੀ

ਸਿੱਖੀ

ਉਹ ਕਿਹੜਾ ਬੂਟਾ ਏ ?
ਹਰ ਥਾਂ ਜੋ ਪਲਦਾ ਏ –
ਆਰੇ ਦੇ ਦੰਦਿਆਂ ਤੇ,
ਰੰਬੀ ਦੀਆਂ ਧਾਰਾਂ ਤੇ,
ਖੈਬਰ ਦਿਆਂ ਦਰਿਆਂ ਵਿੱਚ,
ਸਰਸਾ ਦੀਆਂ ਲਹਿਰਾਂ ਤੇ,
ਸਤਲੁਜ ਦੇ ਕੰਢੇ ਤੇ,
ਲੱਖੀ ਦੇ ਜੰਗਲ ਵਿੱਚ,
ਰੋੜਾਂ ਵਿਚ, ਰੱਕੜਾਂ ਵਿੱਚ,
ਬੰਜਰਾਂ ਵਿਚ, ਝੱਖੜਾਂ ਵਿੱਚ,
ਗੜਿਆਂ ਵਿਚ, ਮੀਹਾਂ ਵਿੱਚ,
ਸਰਹੰਦ ਦੀਆਂ ਨੀਹਾਂ ਵਿੱਚ,
ਜਿਥੇ ਵੀ ਲਾ ਦਈਏ,
ਓਥੇ ਹੀ ਪਲਦਾ ਏ,
ਜਿਤਨਾਂ ਇਹ ਛਾਂਗ ਦਈਏ
ਓਨਾ ਹੀ ਫਲਦਾ ਏ।
ਉਹ ਕਿਹੜਾ ਬੂਟਾ ਏ?
ਭੁੱਖਿਆਂ ਤਰਿਹਾਇਆਂ ਨੂੰ
ਜੋ ਫਲ ਖਵਾਂਦਾ ਏ,
ਥੱਕਿਆਂ ਤੇ ਟੁੱਟਿਆਂ ਨੂੰ,
ਛਾਂ ਵਿਚ ਸਵਾਂਦਾ ਏ।
ਜਿਹੜਾ ਵੀ ਸ਼ਰਨ ਲਵੇ
ਉਸ ਤਾਈ ਬਚਾਂਦਾ ਏ !
ਜੇ ਝੱਖੜ ਆ ਜਾਵੇ,
ਜੇ ਨ੍ਹੇਰੀ ਆ ਜਾਵੇ,
ਅਬਦਾਲੀ ਆ ਜਾਵੇ,
ਕੋਈ ਨਾਦਰ ਆ ਜਾਵੇ,
ਮਾਸੂਮ ਗੁਟਾਰਾਂ ਨੂੰ,
ਬੇਦੋਸ਼ੀਆਂ ਚਿੜੀਆਂ ਨੂੰ,
ਬੇਦੋਸ਼ੀਆਂ ਘੁੱਗੀਆਂ ਨੂੰ,
ਕੂੰਜਾਂ ਦੀਆਂ ਡਾਰਾਂ ਨੂੰ,
ਇਹ ਤੁਰਤ ਛੁਪਾ ਲੈਂਦਾ,
ਇਹ ਆਹਲਣੇ ਪਾ ਲੈਂਦਾ,
ਤੇ ਰਾਖਾ ਬਣ ਬਹਿੰਦਾ।

ਪੈਰ ਇਸ ਦੇ ਧਰਤੀ 'ਤੇ
ਪਰ ਆਪ ਉਚੇਰਾ ਏ।
ਜ਼ੇਲ੍ਹਾਂ ਦੀਆਂ ਕੋਠੜੀਆਂ,
ਜ਼ੰਜੀਰਾਂ ਹੱਥਕੜੀਆਂ,
ਇਹ ਰੱਸੇ ਫਾਂਸੀ ਦੇ,
ਤੇ ਤੜੀਆਂ ਰਾਜ ਦੀਆਂ,
ਜਾਗੀਰਾਂ ਦੇ ਚਕਮੇ,
ਸਰਦਾਰੀ ਦੇ ਤਕਮੇ,
ਦੁਨੀਆਂ ਦੀਆਂ ਤੰਗ-ਦਿਲੀਆਂ
ਤੇੜਾਂ ਤੇ ਪਾਰਟੀਆਂ,
ਗੁਮਰਾਹੀਆਂ, ਰੰਗ ਰਲੀਆਂ,
ਤੇ ਕੁੜੀਆਂ ਝੰਗ ਦੀਆਂ,
ਇਹਦੇ ਗੋਡਿਓਂ ਥੱਲੇ ਨੇ,
ਇਹਦੇ ਗਿੱਟਿਓਂ ਥੱਲੇ ਨੇ,
ਇਹਦੇ ਪੈਰੋਂ ਥੱਲੇ ਨੇ,
ਜਿੱਥੇ ਦਿਲ ਇਸ ਦਾ ਏ,
ਜਿੱਥੇ ਸਿਰ ਇਸ ਦਾ ਏ,
ਉਹ ਥਾਂ ਉਚੇਰੀ ਏ,
ਉਹ ਖੁੱਲ੍ਹੀ ਹਵਾ ਵਿੱਚ ਏ,
ਉਹ ਪਾਕ ਫਿਜ਼ਾ ਵਿੱਚ ਏ,
ਉਹ ਖ਼ਾਸ ਖ਼ੁਦਾ ਵਿੱਚ ਏ,
ਜਿਥੇ ਨਾ ਵੈਰ ਕੋਈ!
ਜਿਥੇ ਨਾ ਗੈਰ ਕੋਈ।
ਕੀ ਹੋਇਆ ਜੇ?
ਅੱਜ ਸ਼ਾਖਾਂ ਏਸ ਦੀਆਂ,
ਅੱਜ ਲਗਰਾਂ ਏਸ ਦੀਆਂ,
ਆਪੋ ਵਿਚ ਪਾਟ ਗਈਆਂ,
ਆਪੋ ਵਿਚ ਤਿੜਕ ਪਈਆਂ,
ਕੋਈ ਪੂਰਬ ਚਲੀ ਗਈ,
ਕੋਈ ਪੱਛਮ ਚਲੀ ਗਈ,
ਕੋਈ ਪਿੰਡੀ ਮੱਲ ਬੈਠੀ,
ਕੋਈ ਭੈਣੀ ਜਾ ਬੈਠੀ,
ਪਰ ਮੁੱਢ ਤਾਂ ਇੱਕੋ ਏ,
ਪਰ ਖ਼ੂਨ ਤੇ ਸਾਂਝਾ ਏ।

ਪ੍ਰੋ. ਮੋਹਨ ਸਿੰਘ

ਮਹਾਤਮਾ ਬੁੱਧ

ਪ੍ਰਿੰ. ਗੰਗਾ ਸਿੰਘ

ਸੰਸਾਰ ਵਿਚ ਇਸ ਵਕਤ ਅਨੇਕ ਮਤ ਮਤਾਂਤਰ ਹਨ, ਪਰ ਇਨ੍ਹਾਂ ਸਾਰਿਆਂ ਵਿਚੋਂ ਤਿੰਨ ਸਭ ਤੋਂ ਵੱਡੇ ਹਨ, ਜਿਨ੍ਹਾਂ ਦਾ ਨਾਮ ਇਸਲਾਮ, ਈਸਾਈ ਮਤ ਤੇ ਬੁੱਧ ਮਤ ਹੈ। ਅਖ਼ੀਰਲਾ ਬੁੱਧ ਮਤ, ਸਭ ਤੋਂ ਵੱਡਾ, ਚੀਨ, ਜਾਪਾਨ, ਲੰਕਾ ਤੇ ਮਲਾਇਆ ਆਦਿਕ ਦੇਸ਼ਾਂ ਵਿਚ ਫੈਲਿਆ ਹੋਇਆ ਹੈ। ਲਗਭਗ ਚਾਲੀ ਕਰੋੜ ਬੰਦੇ ਇਸ ਮੱਤ ਦੇ ਉਪਾਸ਼ਕ ਹਨ। ਬੁੱਧ ਮੱਤ ਨੂੰ ਸ਼ੁਰੂ ਕਰਨ ਵਾਲਾ ਮਹਾਤਮਾ ਬੁੱਧ ਸੀ। ਇਹ ਮਹਾਰਾਜਾ ਸ਼ੁੱਧੋਦਨ ਦਾ ਰਾਜਕੁਮਾਰ ਸੀ, ਜਿਹੜਾ ਕਿ ਕਪਿਲਵਸਤੂ ਨਾਮੀ ਇਕ ਛੋਟੀ ਜਿਹੀ ਰਾਜਧਾਨੀ ਦਾ ਰਾਜਾ ਸੀ। ਇਹ ਸ਼ਹਿਰ ਨੇਪਾਲ ਤੋਂ ਉੱਤਰ ਵੱਲ, ਬਾਲ ਗੰਗਾ ਨਾਮੀ ਨਦੀ ਦੇ ਕਿਨਾਰੇ, ਪਹਾੜੀਆਂ ਦੇ ਵਿਚਕਾਰ ਵੱਸਿਆ ਹੋਇਆ ਸੀ। ਮਹਾਰਾਜਾ ਸ਼ੁੱਧੋਦਨ ਨੇ ਦੋ ਸ਼ਾਦੀਆਂ ਕੀਤੀਆਂ-ਪਹਿਲੀ ਮਹਾਰਾਣੀ ਮਹਾਂ ਮਾਇਆ ਨਾਲ ਅਤੇ ਦੂਜੀ ਗੌਤਮੀ ਨਾਲ। ਇਨ੍ਹਾਂ ਦੋਹਾਂ ਤੋਂ ਕੋਈ ਸੰਤਾਨ ਨਾ ਹੋਈ, ਜਿਸ ਕਾਰਨ ਰਾਜਾ ਸਦਾ ਹੀ ਉਦਾਸ ਤੇ ਚਿੰਤਾਤੁਰ ਰਿਹਾ ਕਰਦਾ ਸੀ। ਏਸੇ ਚਿੰਤਾ ਵਿਚ ਹੀ ਉਸਦੀ ਜਵਾਨੀ ਲੰਘ ਗਈ ਅਤੇ ਬੁਢਾਪਾ ਆਉਣ ਲੱਗ ਪਿਆ।

ਮਹਾਰਾਣੀ ਮਹਾਂ ਮਾਇਆ ਦੀ ਉਮਰ ਵੀ ਚਾਲੀ ਸਾਲ ਦੀ ਹੋ ਚੱਲੀ ਸੀ। ਫਿਰ ਕਪਿਲਵਸਤੂ ਦੀ ਰਿਆਸਤ ਵਿਚ ਦਖਸ਼ਣਾਇਣ ਉਤਸਵ ਦਾ ਪੁਰਬ ਆ ਗਿਆ। ਏਸ ਪੁਰਬ ਨੂੰ ਸਾਕਿਆ (ਰਾਜਾ ਦੀ ਕੌਮ) ਲੋਕ ਬੜੀ ਧੂਮ ਧਾਮ ਨਾਲ ਮਨਾਉਂਦੇ ਸਨ, ਇਸ ਲਈ ਰਾਣੀ ਨੇ ਵੀ ਖ਼ੂਬ ਹਾਰ-ਸ਼ਿੰਗਾਰ ਕੀਤੇ ਅਤੇ ਸਾਰਾ ਹਫ਼ਤਾ ਗ਼ਰੀਬਾਂ ਨੂੰ ਦਾਨ-ਪੁੰਨ ਕਰਦੀ ਰਹੀ। ਉਸਦੇ ਮਗਰੋਂ ਜਦ ਆਪਣੇ ਰਾਜ ਮਹਿਲ ਵਿਚ ਜਾ ਕੇ ਸੁੱਤੀ ਤਾਂ ਰਾਣੀ ਨੇ ਇਕ ਅਸਚਰਜ ਸੁਪਨਾ ਦੇਖਿਆ, ਚਾਰ ਸਵਰਗੀ ਦੇਵਤੇ ਉਸਦੀ ਨਰਮ ਅਤੇ ਕੋਮਲ ਸੇਜਾ ਨੂੰ ਚੁੱਕ ਕੇ ਹਿਮਾਲਾ ਪਰਬਤ ਦੀ ਚੋਟੀ 'ਤੇ ਲੈ ਗਏ ਅਤੇ ਸਵਰਨ ਦੇ ਇਕ ਵੱਡੇ ਬਿਰਛ ਦੇ ਹੇਠਾਂ ਉਤਾਰ ਕੇ ਆਪ ਦੂਰ ਜਾ ਖਲੋਤੇ ਰਾਣੀ ਨੇ ਤਲਾਅ ਵਿਚੋਂ ਇਸ਼ਨਾਨ ਕੀਤਾ ਅਤੇ ਸਵਰਗੀ ਫੁੱਲਾਂ ਦਾ ਸ਼ਿੰਗਾਰ ਕਰ ਕੇ ਸਵਰਗੀ ਫੁੱਲਾਂ ਦੀ ਸੇਜ ਉੱਤੇ ਸੌਂ ਗਈ। ਉਸ ਵੇਲੇ ਇਕ ਚਿੱਟਾ ਹਾਥੀ ਆਇਆ, ਜਿਸਦੀ ਸੁੰਡ ਵਿਚ ਇਕ ਚਿੱਟਾ ਪਦਮ ਸੀ ਪਹਿਲਾਂ ਤਾਂ ਆਣ ਕੇ ਬੜਾ ਗੱਜਿਆ, ਫਿਰ ਤਿੰਨ ਵਾਰੀ ਸੀਸ ਨੂੰ ਫੇਰਿਆ ਅਤੇ ਰਾਣੀ ਦੀ ਖੱਬੀ ਵੱਖੀ ਪਾੜ ਕੇ ਅੰਦਰ ਦਾਖ਼ਲ ਹੋ ਗਿਆ ਅਤੇ ਮਹਾਰਾਣੀ ਮਾਇਆ ਦੀ ਅੱਖ ਖੁੱਲ ਗਈ। ਉਸਨੇ ਇਹ ਸੁਪਨਾ ਰਾਜੇ ਨੂੰ ਦੱਸਿਆ। ਰਾਜੇ ਨੇ ਜੋਤਸ਼ੀ ਬ੍ਰਾਹਮਣਾਂ ਨੂੰ ਬੁਲਾਇਆ ਤੇ ਇਸ ਬਾਰੇ ਪੁੱਛਿਆ। ਉਨ੍ਹਾਂ ਨੇ ਕਿਹਾ, "ਹੇ ਰਾਜਨ! ਆਪਦੇ ਘਰ ਇਕ ਪੁੱਤਰ ਜਨਮੇਗਾ, ਜਿਹੜਾ ਜੇ ਗ੍ਰਿਹਸਤੀ ਹੋਇਆ ਤਾਂ ਚੱਕਰਵਰਤੀ ਰਾਜਾ ਹੋਵੇਗਾ ਅਤੇ ਜੇ ਸਾਧੂ ਹੋ ਗਿਆ ਤਾਂ ਸੰਸਾਰ ਦਾ ਕਲਿਆਣ ਕਰਨ ਵਾਲਾ ਹੋਵੇਗਾ। ਬ੍ਰਾਹਮਣਾਂ ਦਾ ਇਹ ਵਾਕ ਠੀਕ ਨਿਕਲਿਆ । ਰਾਣੀ ਦੇ ਗਰਭਵਤੀ ਹੋਣ ਦੇ ਚਿੰਨ੍ਹ ਨਜ਼ਰ ਆਉਣ ਲੱਗ ਪਏ। ਨੌਂ ਮਹੀਨਿਆਂ ਪਿੱਛੋਂ ਰਾਣੀ ਨੇ ਰਾਜੇ ਨੂੰ ਕਿਹਾ ਕਿ ਮੇਰਾ ਹੁਣ ਆਪਣੇ ਪੇਕੇ ਦੇਵਦਾ ਨਗਰ ਚਲਿਆ ਜਾਣਾ ਸੋਭਨੀਕ ਹੈ । ਰਾਜੇ ਨੇ ਰਾਣੀ ਦਾ ਬਚਨ ਮੰਨ ਲਿਆ ਤੇ ਜਾਣ ਦੀ ਆਗਿਆ ਦੇ ਦਿੱਤੀ।

ਕਪਿਲਵਸਤੂ ਤੋਂ ਦੇਵਦਾ ਨਗਰ ਦੇ ਰਸਤੇ ਵਿਚ ਇਕ ਲੁਭਨੀ ਨਾਮ ਦਾ ਬਾਗ਼ ਸੀ, ਜਿਸਦੀ ਬਸੰਤੀ ਸ਼ੋਭਾ ਨੂੰ ਦੇਖ ਕੇ ਰਾਣੀ ਦਾ ਮਨ ਮੋਹਿਆ ਗਿਆ ਫਲਾਂ ਫੁੱਲਾਂ ਦੇ ਭਾਰ ਨਾਲ ਨਿਵੇਂ ਹੋਏ ਬਿਰਛ, ਚਾਤ੍ਰਿਕ ਅਤੇ ਭਵਰਾਂ ਦੀ ਗੁੰਜਾਰ, ਬੁਲਬੁਲ ਅਤੇ ਕੋਕਲਾਂ ਦੇ ਮਧੁਰ ਬੈਨ, ਦਿਲ ਨੂੰ ਅਜਿਹੇ ਚੰਗੇ ਲੱਗੇ ਕਿ ਉਥੇ ਹੀ ਉਤਰ ਪਈ ਅਤੇ ਬਾਗ ਵਿਚ ਫਿਰਦਿਆਂ ਹੀ ਬੱਚਾ ਪੈਦਾ ਹੋ ਗਿਆ। ਬੱਚੇ ਦੇ ਜਨਮ ਦੀ ਖ਼ਬਰ ਜਦ ਕਪਿਲਵਸਤੂ ਅਤੇ ਦੇਵਦਾ ਨਗਰ ਦੀ ਪਰਜਾ ਨੇ ਸੁਣੀ ਤਾਂ ਸਭ ਲੋਕ ਉਧਰ ਨੂੰ ਭੱਜੇ ਆਏ ਅਤੇ ਬੱਚੇ ਨੂੰ ਵਾਪਸ ਆਪਣੇ ਪਿਤਾ ਦੇ ਰਾਜ ਮਹਿਲ ਵਿਚ ਲੈ ਆਂਦਾ। ਏਥੇ ਆ ਕੇ ਅਜੇ ਅੱਠ ਦਿਨ ਵੀ ਨਹੀਂ ਸਨ ਲੰਘੇ ਕਿ ਕਾਲ ਭਗਵਾਨ ਨੇ ਮਹਾਂ ਮਾਇਆ ਨੂੰ, ਆਪਣੇ ਪਿਆਰੇ ਬੱਚੇ ਨੂੰ ਰੱਜ ਕੇ ਵੇਖਣ ਵੀ ਨਾ ਦਿੱਤਾ ਤੇ ਸਦਾ ਲਈ ਸੰਸਾਰ ਤੋਂ ਉਠਾ ਲਿਆ

ਮਾਇਆ ਦੇ ਕਾਲ-ਵੱਸ ਹੋਣ ਦੇ ਮਗਰੋਂ ਏਸ ਬੱਚੇ ਦੇ, ਜਿਸਦਾ ਨਾਮ ਪਿਤਾ ਨੇ ਸਿੱਧਾਰਥ ਰੱਖਿਆ ਸੀ, ਪਾਲਣ-ਪੋਸਣ ਦੀ ਸੇਵਾ ਦਾ ਕੰਮ ਇਸਦੀ ਮਤਰੇਈ ਮਾਤਾ ਗੌਤਮੀ ਦੇ ਜ਼ਿੰਮੇ ਲਾਇਆ ਗਿਆ। ਸਿੱਧਾਰਥ ਦੇ ਜਨਮ ਦਿਨ ਸੰਬੰਧੀ ਇਤਿਹਾਸਕਾਰਾਂ ਦੀਆਂ ਅੱਡੋ-ਅੱਡ ਰਾਵਾਂ ਹਨ। ਫਿਰ ਵੀ ਬਹੁ-ਸੰਮਤੀ ਇਸ ਗੱਲ 'ਤੇ ਸਹਿਮਤ ਹੈ ਕਿ ਇਸ ਦਾ ਜਨਮ 557 ਸਾਲ ਈਸਾ ਤੋਂ ਪਹਿਲਾਂ ਹੋਇਆ ਸੀ

ਬੱਚਾ ਪਲਣਾ ਸ਼ੁਰੂ ਹੋਇਆ, ਪਰ ਜਿਉਂ-ਜਿਉਂ ਉਸਨੇ ਸੁਰਤ ਸੰਭਾਲੀ, ਉਸਦਾ ਮਨ ਗਿਆਨ, ਵੈਰਾਗ ਤੇ ਭਗਤੀ ਵੱਲ ਜ਼ਿਆਦਾ ਲੱਗਣ ਲੱਗ ਪਿਆ। ਉਹ ਹਮੇਸ਼ਾ ਸੰਸਾਰ ਦੇ ਨਾਸ਼ਵੰਤ ਹੋਣ ਦੇ ਖ਼ਿਆਲ ਨਾਲ ਬੜਾ ਬੈਰਾਗੀ ਜਿਹਾ ਰਹਿੰਦਾ ਅਤੇ ਸਦਾ ਹੀ ਸੋਚਦਾ ਰਹਿੰਦਾ ਕਿ ਕਾਲ ਦੇ ਬੰਧਨ ਤੋਂ ਕਿਸ ਤਰ੍ਹਾਂ ਛੁਟਕਾਰਾ ਹੋ ਸਕਦਾ ਹੈ। ਅਖ਼ੀਰ ਇਕ ਦਿਨ ਸ਼ਾਕਯ ਬੰਸ ਦੇ ਬਹੁਤ ਸਾਰੇ ਨੇਤਾ ਰਾਜੇ ਕੋਲ ਇਕੱਠੇ ਹੋ ਕੇ ਆਏ ਅਤੇ ਆਖਿਆ ਕਿ ਕੁਮਾਰ ਦੁਨੀਆ ਦੇ ਕੰਮਾਂ ਕਾਜਾਂ ਵੱਲੋਂ ਸਦਾ ਅਣਗਹਿਲੀ ਕਰਦਾ ਰਹਿੰਦਾ ਹੈ ਤੇ ਜੇ ਇਸਨੂੰ ਹੁਣੇ ਹੀ ਵਿਆਹ ਦੇ ਬੰਧਨਾਂ ਵਿਚ ਨਾ ਬੰਨ੍ਹ ਦਿੱਤਾ ਗਿਆ ਤਾਂ ਫਿਰ ਇਸ ਨੂੰ ਸੰਸਾਰੀ ਬਣਾਉਣਾ ਬੜਾ ਕਠਿਨ ਹੋ ਜਾਵੇਗਾ। ਰਾਜੇ ਨੇ ਵੀ ਇਸ ਖ਼ਿਆਲ ਨਾਲ ਸਹਿਮਤੀ ਜਤਾਈ ਅਤੇ ਮੰਤਰੀ ਨੂੰ ਘੱਲ ਕੇ ਰਾਜਕੁਮਾਰ ਨੂੰ ਆਪਣੇ ਕੋਲ ਸੱਦਿਆ ਅਤੇ ਵਿਆਹ ਕਰਾਉਣ ਲਈ ਪੁੱਛਿਆ। ਕੁਮਾਰ ਨੇ ਉੱਤਰ ਦਿੱਤਾ ਕਿ ਮੈਂ ਸੱਤ ਦਿਨਾਂ ਨੂੰ ਫ਼ੈਸਲਾ ਕਰਾਂਗਾ। ਕੁਮਾਰ ਆਪਣੇ ਰਾਜ ਮਹਿਲ ਵਿਚ ਚਲਾ ਗਿਆ ਅਤੇ ਸੱਤਾਂ ਦਿਨਾਂ ਤੱਕ ਗਹਿਰੀ ਸੋਚ ਵਿਚ ਪਿਆ ਰਿਹਾ। ਉਹ ਕਦੀ ਨਵਿਰਤੀ ਮਾਰਗ ਨੂੰ ਚੰਗਾ ਸਮਝ ਕੇ ਉਸਨੂੰ ਧਾਰਨ ਕਰਨ ਦਾ ਇਰਾਦਾ ਕਰਦਾ ਅਤੇ ਕਦੇ ਮਨ ਦੀ ਰੁਚੀ ਪ੍ਰਵਿਰਤੀ ਮਾਰਗ ਵੱਲ ਹੋ ਜਾਂਦੀ।

ਅਖ਼ੀਰ ਬਹੁਤ ਸਾਰੀ ਵਿਚਾਰ ਦੇ ਮਗਰੋਂ ਉਸਨੇ ਗ੍ਰਿਹਸਤੀ ਬਣ ਜਾਣ ਦਾ ਫੈਸਲਾ ਕਰ ਲਿਆ ਤੇ ਪਿਤਾ ਨੂੰ ਜਾ ਦੱਸਿਆ, ਪਰ ਨਾਲ ਹੀ ਇਹ ਵੀ ਧਾਰ ਲਿਆ ਕਿ ਉਹ ਸਿਰਫ਼ ਉੱਚੀ ਕੁੱਲ ਅਤੇ ਸਰੀਰਕ ਸੁੰਦਰਤਾ ਨੂੰ ਦੇਖ ਕੇ ਹੀ ਵਿਆਹ ਨਹੀਂ ਕਰਾਏਗਾ, ਬਲਕਿ ਉਸ ਇਸਤਰੀ ਨੂੰ ਆਪਣੀ ਜੀਵਨ-ਸਾਥੀ ਬਣਾਏਗਾ, ਜਿਸ ਵਿਚ ਧਰਮ, ਦਇਆ ਅਤੇ ਸਹਿਣਸ਼ੀਲਤਾ ਦੇ ਗੁਣ ਹੋਣਗੇ, ਭਾਵੇਂ ਕਿਸੇ ਵੀ ਕੁਲ ਦੀ ਹੋਵੇ। ਰਾਜੇ ਨੇ ਆਪਣੇ ਪੁਰੋਹਿਤਾਂ ਨੂੰ ਕੰਨਿਆ ਲੱਭਣ ਲਈ ਭੇਜਿਆ। ਉਨ੍ਹਾਂ ਨੇ ਕੁਝ ਥਾਵਾਂ 'ਤੇ ਫਿਰਨ ਮਗਰੋਂ ਰਾਜਕੁਮਾਰ ਦੀ ਮਾਤਾ ਮਹਾਂ ਮਾਇਆ ਦੇ ਸਕੇ ਭਰਾ ਦੰਡਪਾਣੀ ਦੀ ਕੰਨਿਆ ਨੂੰ ਯੋਗ ਸਮਝਿਆ। ਰਾਜਾ ਨੇ ਉਸ ਕੁਲ ਦੀਆਂ ਸਾਰੀਆਂ ਕੰਨਿਆਵਾਂ ਨੂੰ ਅਸ਼ੋਕ ਭਾਂਡ ਵੰਡਣ ਦੇ ਬਹਾਨੇ ਆਪਣੇ ਮਹਿਲ ਵਿਚ ਸੱਦ ਲਿਆ। ਜਿਸ ਵੇਲੇ ਦੰਡਪਾਣੀ ਦੀ ਪਿਆਰੀ ਕੰਨਿਆ 'ਗੋਪਾਂ' ਕਈ ਇਤਿਹਾਸਕਾਰਾਂ ਨੇ ਇਸ ਦਾ ਨਾਮ 'ਬਦਸ਼ਰ' ਭੀ ਲਿਖਿਆ ਹੈ। ਆਪਣੀਆਂ ਸਖੀਆਂ ਸਮੇਤ ਸਾਹਮਣੇ ਆ ਕੇ ਖਲੋਤੀ ਤਾਂ ਰਾਜਕੁਮਾਰ ਦੇ ਇਕ ਵੇਰਾਂ ਉਸ ਵੱਲ ਦੇਖਣ ਦੀ ਹੀ ਦੇਰ ਸੀ ਕਿ ਉਸਦਾ ਮਨ ਗੋਪਾਂ ਦੇ ਰਸਭਿੰਨੇ ਨੇਤ੍ਰਾਂ ਨੇ ਸਦਾ ਲਈ ਜਿੱਤ ਲਿਆ। ਕੁਮਾਰ ਨੇ ਅਸ਼ੋਕ ਭਾਂਡ ਦੇ ਯੋਗ ਹਿੱਸੇ ਤੋਂ ਇਲਾਵਾ ਆਪਣੀ ਅੰਗੂਠੀ ਵੀ ਲਾਹ ਕੇ ਗੋਪਾ ਨੂੰ ਦੇ ਦਿੱਤੀ ਅਤੇ ਨੇਤ੍ਰਾਂ ਵਿਚ ਹੀ ਪ੍ਰੇਮ ਦੀਆਂ ਗੰਢਾਂ ਪੱਕੀਆਂ ਪੈ ਗਈਆਂ। ਜਦੋਂ ਰਾਜਾ ਸ਼ੁਧੋਦਨ ਨੇ ਇਹ ਗੱਲ ਸੁਣੀ ਤਾਂ ਬੜਾ ਪ੍ਰਸੰਨ ਹੋਇਆ ਅਤੇ ਥੋੜ੍ਹੇ ਹੀ ਸਮੇਂ ਪਿੱਛੋਂ ਕੁਮਾਰ ਅਤੇ ਗੋਪਾ ਦਾ ਵਿਆਹ ਕਰ ਦਿੱਤਾ।

ਗੋਪਾ ਬੜੀ ਬੁੱਧੀਮਾਨ ਅਤੇ ਵਿਦਵਾਨ ਕੰਨਿਆ ਸੀ। ਉਹ ਸਹਿਣਸ਼ੀਲਤਾ ਅਤੇ ਪਤਿਬ੍ਰਤਾ ਧਰਮ ਵਿਚ ਪੂਰੀ ਸੀ ਪਰ ਉਹ ਘੁੰਡ ਨਹੀਂ ਸੀ ਕੱਢਿਆ ਕਰਦੀ, ਇਸ ਲਈ ਰਾਜ ਮਹਿਲ ਦੀਆਂ ਸਾਰੀਆਂ ਤੀਵੀਂਆਂ ਕਹਿਣ ਲੱਗੀਆਂ ਕਿ ਗੋਪਾਂ ਬੜੀ ਬੇ-ਹਯਾ ਹੈ। ਜਦ ਉਸਨੇ ਇਹ ਗੱਲ ਸੁਣੀ ਤਾਂ ਸਾਰੀਆਂ ਤੀਵੀਂਆਂ ਨੂੰ ਇਕੱਠੀਆਂ ਕਰ ਕੇ ਦੱਸਿਆ ਕਿ ਧਾਰਮਿਕ ਬੰਦੇ, ਜਿਨ੍ਹਾਂ ਦੇ ਦਿਲ ਭਲੇ ਹੋਣ, ਭਾਵੇਂ ਕਿਸੇ ਅਵਸਥਾ ਵਿਚ ਵੀ ਰਹਿਣ, ਸਦਾ ਮਾਣ ਪਾਉਂਦੇ ਹਨ ਭਾਵੇਂ ਉਹ ਕਰੂਪ ਹੋਣ, ਕੁਸ਼ਾ ਦੇ ਕਪੜੇ ਪਹਿਨਣ ਅਤੇ ਭਾਵੇਂ ਕੁੱਲੀਆਂ ਵਿਚ ਹੀ ਰਹਿਣ, ਤਾਂ ਵੀ ਉਹ ਸ੍ਵੈ-ਗੁਣਾਂ ਦੇ ਬਲ ਨਾਲ ਜੱਸ ਪ੍ਰਾਪਤ ਕਰ ਸਕਦੇ ਹਨ। ਜਿਨ੍ਹਾਂ ਦੇ ਮਨ ਪਾਪੀ ਹਨ, ਉਨ੍ਹਾਂ ਦੇ ਚਿਹਰਿਆਂ 'ਤੇ ਘੁੰਡ ਉਸੇ ਤਰ੍ਹਾਂ ਹੈ, ਜਿਸ ਤਰ੍ਹਾਂ ਕਿ ਬਿਖਿਆ ਨਾਲ ਭਰੇ ਹੋਏ ਘੜੇ ਦੇ ਮੂੰਹ ਵਿਚ ਚਾਰ ਘੁੱਟ ਅੰਮ੍ਰਿਤ ਦੇ ਪਾਏ ਹੋਏ ਹੋਣ ਜਿਨ੍ਹਾਂ ਲੋਕਾਂ ਵਿਚ ਧਰਮ ਹੈ ਉਹ ਸੂਰਜ ਤੇ ਚੰਦਰਮਾਂ ਦੀ ਤਰ੍ਹਾਂ ਪਰਦੇ ਤੋਂ ਬਾਹਰ ਰਹਿੰਦੇ ਹਨ।

ਮੇਰਾ ਆਪਣੇ ਸੁਆਮੀ ਨਾਲ ਪਿਆਰ ਅਤੇ ਪਤਿਬ੍ਰਤਾ ਧਰਮ ਵਿਚ ਰਹਿਣਾ ਹੀ ਘੁੰਡ ਹੈ। ਇਸ ਤਰ੍ਹਾਂ ਦੇ ਉਪਦੇਸ਼ਾਂ ਨੂੰ ਸੁਣ ਕੇ ਰਾਜ ਮਹਿਲ ਦੀਆਂ ਤੀਵੀਂਆਂ ਦੀ ਤਸੱਲੀ ਹੋ ਗਈ ਤੇ ਉਹ ਸਦਾ ਹੀ ਗੋਪਾਂ ਨੂੰ ਸਤਿਕਾਰ ਦੀ ਨਿਗਾਹ ਨਾਲ ਦੇਖਣ ਲੱਗ ਪਈਆਂ।

ਸਿੱਧਾਰਥ ਅਤੇ ਗੋਪਾਂ ਦੇ ਪਰਸਪਰ ਪਿਆਰ ਨੇ ਕੁਮਾਰ ਦਾ ਚਿੱਤ ਆਪਣੇ ਘਰ ਵਿਚ ਚੰਗੀ ਤਰ੍ਹਾਂ ਲਗਾ ਰੱਖਿਆ ਸੀ ਅਤੇ ਹੁਣ ਉਸ ਨੂੰ ਪਹਿਲਾਂ ਵਰਗੇ, ਨਿਵਿਰਤੀ ਮਾਰਗ ਦੇ ਖ਼ਿਆਲ ਕਦੀ ਘੱਟ ਹੀ ਆਇਆ ਕਰਦੇ ਸਨ। ਰਾਜੇ ਦੇ ਮਨ-ਤਖ਼ਤ ਉੱਤੇ ਗੋਪਾਂ ਨੇ ਆਪਣੀ ਸੁੰਦਰਤਾ ਅਤੇ ਮਧੁਰ ਬਾਣੀ ਦੇ ਬਲ ਨਾਲ ਪੂਰਾ ਪੂਰਾ ਕਾਬੂ ਪਾਇਆ ਹੋਇਆ ਸੀ। ਉਸ ਦੀਆਂ ਆਸਾਂ ਹੋਰ ਭੀ ਪੱਕੀਆਂ ਹੋ ਗਈਆਂ। ਜਦ ਉਸਦੇ ਘਰ ਪਰਮੇਸ਼ਰ ਨੇ ਇਕ ਪੁੱਤਰ ਬਖ਼ਸ਼ਿਆ, ਜਿਸਦਾ ਨਾਮ ਉਨ੍ਹਾਂ ਨੇ 'ਰਾਹੁਲ' ਰੱਖਿਆ। ਗੋਪਾਂ ਹੁਣ ਇਹ ਖ਼ਿਆਲ ਕਰਦੀ ਸੀ ਕਿ ਪਤੀ ਦੀ ਮਨ-ਬਿਰਤੀ ਨੂੰ ਸੰਨਿਆਸ ਵੱਲੋਂ ਮੋੜਨ ਵਾਸਤੇ ਜਿਥੇ ਪਹਿਲਾਂ ਮੈਂ ਇਕੱਲੀ ਹੀ ਸਾਂ, ਹੁਣ ਰਾਹੁਲ ਦਾ ਪ੍ਰੇਮ ਭੀ ਮੇਰਾ ਸਹਾਇਕ ਹੋ ਗਿਆ ਹੈ, ਹੁਣ ਸਾਰੀ ਉਮਰ ਹੀ ਰਾਜਰਾਣੀ ਹੋਣ ਦੀਆਂ ਮੌਜਾਂ ਮਾਣਨ ਦਾ ਸਮਾਂ ਮੈਨੂੰ ਮਿਲ ਜਾਵੇਗਾ। ਪਰ ਵਿਧਾਤਾ ਨੂੰ ਅਜਿਹਾ ਨਹੀਂ ਸੀ ਭਾਉਂਦਾ। ਇਕ ਦਿਨ ਗਾਉਣ ਵਾਲੀਆਂ ਕੁੜੀਆਂ ਨੇ ਸਵੇਰੇ ਜਗਾਉਣ ਵਾਸਤੇ ਅਜਿਹਾ ਗੀਤ ਗਾਇਆ, ਜਿਸ ਵਿਚ ਇਹ ਭਾਵ ਭਰੇ ਹੋਏ ਸਨ ਕਿ ਇਸ ਸੰਸਾਰ ਦੇ ਬੰਦੇ ਬੀਮਾਰੀ, ਦੁੱਖ ਤੇ ਜਰਾ ਦੀ ਅਗਨੀ ਵਿਚ ਜਲ ਰਹੇ ਹਨ, ਸੰਸਾਰ ਨਾਟਕ ਤੇ ਤਮਾਸ਼ੇ ਦੀ ਤਰ੍ਹਾਂ ਹੈ। ਮਨ-ਵਾਸ਼ਨਾ ਤੇ ਵਿਸ਼ਿਆਂ ਦੇ ਭੋਗ, ਤਲਵਾਰ ਦੀ ਧਾਰ ਦੀ ਤਰ੍ਹਾਂ ਪੁਰਸ਼ ਦੇ ਜੀਵਨ ਨੂੰ ਕੱਟਣ ਵਾਲੇ ਹਨ।

ਇਸ ਗੀਤ ਨੂੰ ਸੁਣ ਕੇ ਕੁਮਾਰ ਦੇ ਦਿਲ ਵਿਚ ਫਿਰ ਬੈਰਾਗ ਦੀਆਂ ਲਹਿਰਾਂ ਉੱਠਣ ਲੱਗ ਪਈਆਂ ਅਤੇ ਉਸਨੇ ਫਿਰ ਪੁਰਾਣੇ ਵਿਚਾਰਾਂ ਨੂੰ ਦੁਹਰਾਉਣਾ ਆਰੰਭ ਕਰ ਦਿੱਤਾ। ਕੁਮਾਰ ਨੇ ਆਪਣੇ ਵਿਚਾਰ ਆਪਣੀ ਜਾਣ-ਪਿਆਰੀ ਗੋਪਾਂ ਨੂੰ ਵੀ ਦੱਸੇ ਅਤੇ ਕਥਨ ਕਰਨ ਸਮੇਂ, ਸੰਸਾਰ ਦੇ ਦੁੱਖਾਂ ਦਾ ਖ਼ਿਆਲ ਕਰ ਕੇ, ਕੁਮਾਰ ਨੇ ਰੋਣਾ ਸ਼ੁਰੂ ਕਰ ਦਿੱਤਾ ਅਤੇ ਕੁਝ ਅਜਿਹੇ ਢੰਗ ਨਾਲ ਸਾਰੀ ਵਿਥਿਆ ਗੋਪਾਂ ਨੂੰ ਸੁਣਾਈ ਕਿ ਉਸਦਾ ਮਨ ਵੀ ਪੰਘਰ ਗਿਆ। ਉਸਨੇ ਫੈਸਲਾ ਕਰ ਲਿਆ ਕਿ ਜੇ ਮੇਰੇ ਪਤੀ ਦੀ ਪ੍ਰਸੰਨਤਾ ਸੰਨਿਆਸੀ ਹੋ ਜਾਣ ਵਿਚ ਹੀ ਹੈ ਤਾਂ ਮੈਂ ਉਸਦੇ ਰਾਹ ਵਿਚ ਕਦੀ ਵੀ ਰੋਕ ਨਹੀਂ ਪਾਵਾਂਗੀ। ਜਦ ਇਹ ਗੱਲ ਮਹਾਰਾਜਾ ਨੇ ਸੁਣੀ ਤਾਂ ਉਸਨੇ ਰਾਜਕੁਮਾਰ ਨੂੰ ਬਹੁਤ ਸਮਝਾਇਆ। ਹੋ ਸਕਦਾ ਸੀ ਕਿ ਉਹ ਆਪਣੇ ਪਿਤਾ ਦੀ ਗੱਲ ਨੂੰ ਮੰਨ ਕੇ ਸੰਨਿਆਸ ਦਾ ਖ਼ਿਆਲ ਛੱਡ ਦੇਂਦਾ ਪਰ ਅਚਾਨਕ ਇਕ ਐਸਾ ਦ੍ਰਿਸ਼ ਉਸ ਦੀਆਂ ਅੱਖਾਂ ਦੇ ਸਾਹਮਣੇ ਆਇਆ ਜਿਸ ਨੇ ਸਦਾ ਲਈ ਉਸਦਾ ਸੰਬੰਧ ਗ੍ਰਹਿਸਤ ਜੀਵਨ ਨਾਲੋਂ ਤੋੜ ਦਿੱਤਾ। ਉਹ ਦ੍ਰਿਸ਼ ਇਹ ਸੀ ਕਿ ਇਕ ਦਿਨ ਤਰਕਾਲਾਂ ਵੇਲੇ ਉਹ ਸ਼ਹਿਰ ਦੇ ਇਕ ਦਰਵਾਜ਼ੇ ਥਾਈਂ ਲੰਘ ਕੇ ਪਰਮੋਦ ਕਾਨਨ ਨੂੰ ਜਾ ਰਿਹਾ ਸੀ। ਉਸਨੇ ਇਕ ਚਿੱਟੇ ਵਾਲਾਂ ਵਾਲੇ, ਸਰੀਰੋਂ ਮਾੜੇ ਅਤੇ ਦੰਦਹੀਣ ਬਿਰਧ ਪੁਰਸ਼ ਨੂੰ ਸੋਟੀ ਦੇ ਸਹਾਰੇ ਤੁਰੇ ਜਾਂਦੇ ਵੇਖਿਆ। ਕੁਮਾਰ ਨੇ ਰਥਵਾਨ ਤੋਂ ਪੁੱਛਿਆ ਕਿ ਇਹ ਪੁਰਸ਼ ਕੌਣ ਹੈ? ਉਸਨੇ ਉੱਤਰ ਦਿੱਤਾ ਕਿ ਇਹ ਬੁੱਢਾ ਹੈ ਅਤੇ ਜਰਾ ਅਵਸਥਾ ਨੇ ਇਸਦੇ ਜੋਬਨ ਨੂੰ ਨਸ਼ਟ ਕਰ ਦਿੱਤਾ ਹੈ। ਕੁਮਾਰ ਨੇ ਕਿਹਾ ਕਿ ਕੀ ਬੁਢਾਪਾ ਇਸ 'ਤੇ ਹੀ ਵਾਪਰਿਆ ਹੈ ਕਿ ਸਾਰੇ ਲੋਕਾਂ 'ਤੇ ਵਾਪਰੇਗਾ? ਰਥਵਾਨ ਬੋਲਿਆ ਕਿ ਜਰਾ ਊਚ-ਨੀਚ, ਅਮੀਰ-ਗਰੀਬ, ਚਤੁਰ-ਮੂਰਖ ਦੇ ਭੇਦ ਤੋਂ ਬਿਨਾਂ ਹੀ ਸੰਸਾਰ ਦੇ ਹਰ ਇਕ ਪ੍ਰਾਣੀ ਮਾਤ੍ਰ ਉੱਤੇ ਵਾਪਰਦਾ ਹੈ। ਜਿਸ ਤਰ੍ਹਾਂ ਗਰੀਬ ਲੋਕ ਇਸਦੇ ਅਧੀਨ ਹਨ, ਉਸੇ ਤਰ੍ਹਾਂ ਰਾਜ-ਪਰਿਵਾਰ ਦੇ ਸਾਰੇ ਪ੍ਰਾਣੀ ਵੀ ਇਕ ਦਿਨ ਇਸ ਦੀ ਝਪਟ ਵਿਚ ਆ ਜਾਣਗੇ। ਰਾਜਕੁਮਾਰ ਦਾ ਮਨ ਇਹ ਗੱਲ ਸੁਣ ਕੇ ਬੜਾ ਉਦਾਸ ਹੋਇਆ। ਅਗਲੇ ਦਿਨ ਉਸਨੇ ਇਕ ਬੀਮਾਰ ਮਨੁੱਖ ਤੇ ਉਸ ਤੋਂ ਅਗਲੇ ਦਿਨ ਇਕ ਮੋਏ ਹੋਏ ਪ੍ਰਾਣੀ ਦੀ ਅਰਥੀ ਨੂੰ ਵੇਖਿਆ। ਕੁਮਾਰ ਨੇ ਕੋਚਵਾਨ ਤੋਂ ਪਹਿਲੇ ਪ੍ਰਸ਼ਨ ਹੀ ਪੁੱਛੇ ਅਤੇ ਉਹੀ ਉੱਤਰ ਮਿਲਣ ਕਰਕੇ ਚਿੰਤਾ ਦੇ ਸਾਗਰ ਵਿਚ ਗੋਤੇ ਖਾਣ ਲੱਗ ਪਿਆ। ਚੌਥੇ ਦਿਨ ਉਸਨੇ ਇਕ ਭਿਖਸ਼ੂ ਨੂੰ ਗੇਰੂਏ ਕੱਪੜੇ ਪਾਏ ਹੋਏ ਸ਼ਾਂਤ-ਰਸ ਵਿਚ ਮਗਨ ਜਾਂਦਿਆਂ ਵੇਖਿਆ। ਉਸ ਨੇ ਕੋਚਵਾਨ ਕੋਲੋਂ ਪੁੱਛਿਆ ਕਿ ਇਹ ਕੌਣ ਹੈ? ਉੱਤਰ ਮਿਲਿਆ ਕਿ ਇਹ ਇਕ ਭਿਖਸ਼ੂ ਹੈ ਜਿਸਨੇ ਜਗਤ ਦੇ ਨਾਸ਼ਵੰਤ ਸੁੱਖਾਂ ਨੂੰ

ਤਿਆਗ ਕੇ, ਕਲਿਆਣ ਦੇ ਸਾਧਨਾਂ ਨੂੰ ਪੂਰਾ ਕਰਨ ਵਾਸਤੇ, ਸੰਨਿਆਸ ਧਾਰਨ ਕੀਤਾ ਹੈ। ਕੁਮਾਰ ਨੇ ਉਸੇ ਵੇਲੇ ਤੋਂ ਹੀ ਦ੍ਰਿੜ੍ਹ ਇਰਾਦਾ ਕਰ ਲਿਆ ਕਿ ਮੈਂ ਸੰਨਿਆਸ ਧਾਰਨ ਕਰਾਂਗਾ। ਉਹ ਇਕ ਰਾਤ ਆਪਣੇ ਰਣਵਾਸ ਵਿਚੋਂ ਉੱਠਿਆ ਅਤੇ ਆਪਣੇ 'ਛੰਦਕ' ਨਾਮੀ ਸਾਈਸ ਨੂੰ ਹੁਕਮ ਦਿੱਤਾ ਕਿ ਘੋੜਾ ਤਿਆਰ ਕਰੇ। ਜਿਸ ਵੇਲੇ ਉਹ ਤੁਰਨ ਲੱਗਾ ਤਾਂ ਸੁੱਤੀ ਪਈ ਗੋਪਾਂ ਦੇ ਸੁੰਦਰ ਚਿਹਰੇ ਅਤੇ ਪਿਆਰੇ ਰਾਹੁਲ ਵੱਲ ਵੇਖ ਕੇ ਉਸਦਾ ਮਨ ਘੁੰਮਣ-ਘੇਰੀਆਂ ਵਿਚ ਪੈ ਗਿਆ। ਲਿਖਿਆ ਹੈ ਕਿ ਉਹ ਦਰਵਾਜ਼ੇ ਤੱਕ ਆਇਆ ਅਤੇ ਫਿਰ ਅੰਦਰ ਚਲਾ ਗਿਆ। ਅਖ਼ੀਰ ਨੇਤ੍ਰਾਂ ਤੋਂ ਪਰਲ-ਪਰਲ ਅੱਥਰੂ ਕੇਰਦਿਆਂ ਹੋਇਆਂ ਉਸਨੇ ਆਪਣੇ ਕਲੇਜੇ ਨੂੰ ਪੱਥਰ ਬਣਾ ਲਿਆ ਤੇ ਬਾਹਰ ਚਲਿਆ ਗਿਆ।

ਘੋਰ ਬਨ ਵਿਚ ਜਾ ਕੇ ਉਸਨੇ ਆਪਣੇ ਕੱਪੜੇ ਤੇ ਗਹਿਣੇ ਛੰਦਕ ਨੂੰ ਦੇ ਦਿੱਤੇ ਅਤੇ ਉਸ ਦੇ ਕੱਪੜੇ ਆਪਣੇ ਲਈ ਮੰਗੇ। ਛੰਦਕ ਨੇ ਪਹਿਲਾਂ ਤਾਂ ਕੁਮਾਰ ਨੂੰ ਸੰਨਿਆਸ ਤੋਂ ਰੋਕਣਾ ਚਾਹਿਆ ਪਰ ਜਦ ਉਸ ਦਾ ਗਿਆਨ-ਉਪਦੇਸ਼ ਸੁਣਿਆ ਤਾਂ ਛੰਦਕ ਦਾ ਮਨ ਪਤੀਜ ਗਿਆ। ਉਹ ਵਾਪਸ ਸ਼ਹਿਰ ਨੂੰ ਆ ਗਿਆ ਅਤੇ ਕੁਮਾਰ ਦੇ ਸੰਨਿਆਸੀ ਹੋਣ ਦੀ ਖ਼ਬਰ ਸਾਰੇ ਰਾਜ-ਪਰਿਵਾਰ ਨੂੰ ਬਿਆਨ ਕਰ ਦਿੱਤੀ। ਕਪਿਲਵਸਤੂ ਦੇ ਲੋਕਾਂ ਵਿਚ ਇਸ ਖ਼ਬਰ ਦੇ ਪੁੱਜਣ 'ਤੇ ਬੜੀ ਹਾਹਾਕਾਰ ਮੱਚ ਗਈ। ਗੋਪਾਂ ਨੇ ਉਸੇ ਦਿਨ ਤੋਂ ਹੀ ਆਪਣਾ ਹਾਰ-ਸ਼ਿੰਗਾਰ ਉਤਾਰ ਕੇ ਮਾਮੂਲੀ ਕੱਪੜੇ ਪਾ ਲਏ ਅਤੇ ਸਰੀਰ ਨੂੰ ਬਿਭੂਤ ਲਗਾ ਕੇ ਬ੍ਰਹਮਚਾਰੀ-ਇਸਤਰੀ ਦਾ ਜੀਵਨ ਬਤੀਤ ਕਰਨ ਲੱਗ ਪਈ।

ਸਿੱਧਾਰਥ ਨੇ ਕਟਾਰ ਨਾਲ ਆਪਣੇ ਲੰਬੇ ਕੇਸ ਕੱਟ ਸੁੱਟੇ ਅਤੇ ਸਭ ਤੋਂ ਪਹਿਲਾਂ ਜੰਗਲ ਵਿਚ ਅਨਯਵਾ ਨਦੀ ਦੇ ਕਿਨਾਰੇ ਅਨੁਪਰੀਆਂ ਦੇ ਬਿਰਛ ਹੇਠਾਂ ਸੱਤ ਦਿਨ ਲੰਘਾਏ। ਉਹ ਇਹ ਖ਼ਿਆਲ ਕਰਕੇ ਬੜਾ ਆਨੰਦਿਤ ਹੁੰਦਾ ਕਿ ਹੁਣ ਉਹ ਸੰਸਾਰ ਦੇ ਬੰਧਨ ਕੱਟਣ ਦੇ ਲਾਇਕ ਹੋ ਗਿਆ ਹੈ। ਇਕ ਹਫ਼ਤੇ ਮਗਰੋਂ ਇਸ ਜੰਗਲ ਨੂੰ ਤਿਆਗ ਕੇ ਉਹ ਉੱਤਰ ਵਾਲੇ ਪਾਸੇ ਨੂੰ ਤੁਰ ਪਿਆ ਅਤੇ ਰਾਹ ਵਿਚ ਸ਼ਾਕੀ, ਪਦਮਾ, ਰੇਵਤ ਆਦਿ ਬ੍ਰਹਮ-ਰਿਸ਼ੀਆਂ ਦੇ ਆਸ਼੍ਰਮਾਂ ਵਿਚ ਠਹਿਰਿਆ। ਇਹਨਾਂ ਸਾਰਿਆਂ ਨੇ ਇਸ ਨਵੇਂ ਸੰਨਿਆਸੀ ਨੂੰ ਬੜਾ ਆਦਰ ਦਿੱਤਾ। ਸਿੱਧਾਰਥ ਸਹਿਜੇ-ਸਹਿਜੇ ਬਸਾਲੀ ਸ਼ਹਿਰ ਵਿਚ ਜਾ ਪਹੁੰਚਿਆ। ਉਥੇ ਅਰਾੜਾਕਲਾਮ ਨਾਮ ਦਾ ਇਕ ਬੜਾ ਵੱਡਾ ਪੰਡਿਤ ਸੰਨਿਆਸੀ, ਤਿੰਨ ਸੌ ਚੇਲਿਆਂ ਸਣੇ ਰਹਿੰਦਾ ਸੀ। ਉਸਨੇ ਇਸ ਗੱਭਰੂ ਸੰਨਿਆਸੀ ਦੀ ਸੁੰਦਰਤਾ ਨੂੰ ਵੇਖ ਕੇ ਬੜੀ ਅਸਚਰਜਤਾ ਪ੍ਰਗਟ ਕੀਤੀ ਅਤੇ ਉਸਨੂੰ ਬੜਾ ਆਦਰ ਦੇ ਕੇ ਵਿੱਦਿਆ ਪੜ੍ਹਾਉਣ ਲੱਗ ਪਿਆ। ਥੋੜ੍ਹੇ ਹੀ ਸਮੇਂ ਵਿਚ ਆਪਣੇ ਗੁਰੂ ਦੀ ਸਾਰੀ ਵਿੱਦਿਆ ਪੜ੍ਹਨ ਮਗਰੋਂ ਜਦ ਇਸਨੂੰ ਉਹ ਵਸਤੂ ਪ੍ਰਾਪਤ ਨਾ ਹੋਈ, ਜਿਸਦੀ ਢੂੰਡ ਵਿਚ ਇਸਨੇ ਸੰਨਿਆਸ ਧਾਰਨ ਕੀਤਾ ਸੀ ਤਾਂ ਅਰਾੜਾਕਲਾਮ ਦੇ ਆਸ਼੍ਰਮ ਨੂੰ ਛੱਡ ਕੇ ਰਾਜ-ਗ੍ਰਿਹਿ ਵੱਲ ਤੁਰ ਪਿਆ। ਇਸ ਸ਼ਹਿਰ ਦੇ ਲਾਗੇ ਹੀ ਪਾਂਡੂ ਨਾਮੀ ਪਹਾੜ ਦੀ ਇਕ ਨਿਰਜਨ ਕੰਦਰਾ ਵਿਚ ਆਪਣਾ ਨਿਵਾਸ ਅਸਥਾਨ ਬਣਾ ਲਿਆ ਅਤੇ ਰੋਜ਼ ਸੰਝ-ਸਵੇਰੇ ਰਾਜ-ਗ੍ਰਿਹਿ ਦੀਆਂ ਗਲੀਆਂ ਵਿਚੋਂ ਭਿਖਿਆ ਮੰਗਣ ਵਾਸਤੇ ਜਾਣ ਲੱਗ ਪਿਆ। ਇਸਦੀ ਸੁੰਦਰਤਾ ਅਤੇ ਮਗਨਤਾ ਦੀ ਧੁੰਮ ਸਾਰੇ ਸ਼ਹਿਰ ਵਿਚ ਮੱਚ ਗਈ। ਓੜਕ ਉਸ ਸ਼ਹਿਰ ਦੇ ਬਿੰਬੀਸਾਰ ਨਾਮੀ ਰਾਜਾ ਨੂੰ ਵੀ ਪਤਾ ਲੱਗਾ। ਬਿੰਬੀਸਾਰ ਨੇ ਜਿਉਂ ਹੀ ਸਿੱਧਾਰਥ ਦੇ ਦਰਸ਼ਨ ਕੀਤੇ ਅਤੇ ਗਿਆਨ ਉਪਦੇਸ਼ ਸੁਣਿਆ ਤਾਂ ਤਨੋਂ-ਮਨੋਂ ਸੇਵਕ ਹੋ ਗਿਆ।

ਫਿਰ ਸਿੱਧਾਰਥ ਏਥੋਂ ਤੁਰ ਕੇ ਇਕ ਹੋਰ ਪਰਬਤ ਦੀ ਕੰਦਰਾ ਵਿਚ ਗਿਆ, ਜਿਥੇ ਰੁਦਰਕ ਨਾਮੀ ਇਕ ਰਿਸ਼ੀ ਰਹਿੰਦਾ ਸੀ। ਇਸਦੇ ਸੱਤ ਸੌ ਚੇਲੇ ਸਨ। ਸਿੱਧਾਰਥ ਨੇ ਇਸ ਦੀ ਸ਼ਾਗਿਰਦੀ ਕੀਤੀ ਅਤੇ ਥੋੜ੍ਹੇ ਹੀ ਸਮੇਂ ਵਿਚ ਆਪਣੇ ਗੁਰੂ ਦੇ ਸਮਾਨ ਹੋ ਗਿਆ। ਸਿੱਧਾਰਥ ਨੇ ਹਿੰਦੂ ਸ਼ਾਸਤਰ ਪੜ੍ਹੇ ਤੇ ਵਿਸ਼ੇਸ਼ ਕਰਕੇ ਯੋਗ ਸਾਧਨਾ ਵੱਲ ਇਸਦੀ ਰੁਚੀ ਬਹੁਤੀ ਵਧ ਗਈ। ਇਸ ਨੇ ਇਰਾਦਾ ਕਰ ਲਿਆ ਕਿ ਮੈਂ ਜਿਤਨਾ ਚਿਰ ਤੱਕ ਸਮਾਧੀ ਨਾਲ ਆਪਣੀ ਬਿਰਤੀ ਨੂੰ ਸਰੀਰ, ਮਨ ਅਤੇ ਇੰਦ੍ਰੀਆਂ ਤੋਂ ਵੱਖਰਾ ਨਹੀਂ ਕਰ ਲੈਂਦਾ, ਉਤਨਾ ਚਿਰ ਤੱਕ ਪਾਪ ਦੀ ਜੜ੍ਹ ਨਹੀਂ ਉੱਖੜ ਸਕਦੀ। ਇਸ ਸਾਧਨ ਲਈ ਉਸਨੇ ਸਰੀਰ ਨੂੰ ਕਠਿਨ ਤਤਿਖਸ਼ਾ ਨਾਲ ਕਮਜ਼ੋਰ ਕਰਨ ਦਾ ਪ੍ਰਣ ਧਾਰ ਲਿਆ। ਕੁਝ ਚਿਰ ਐਧਰ ਓਧਰ ਫਿਰਨ ਦੇ ਮਗਰੋਂ ਉਹ ਅਰੂਬਲੂ ਪਿੰਡ ਵਿਚ

ਪਹੁੰਚਿਆ, ਜਿਸਦੇ ਕੋਲ ਦੀ ਨਈਰੰਜਨ ਨਾਮੀ ਨਦੀ ਬੜੀ ਸਰਲਤਾ ਨਾਲ ਵਗ ਰਹੀ ਸੀ। ਨਦੀ ਦੀ ਸੁੰਦਰਤਾ ਤੇ ਇਕਾਂਤ ਅਸਥਾਨ ਨੂੰ ਦੇਖ ਕੇ ਉਸਦੇ ਮਨ ਵਿਚ ਸਾਧਨਾ ਕਰਨ ਦਾ ਚਾਅ ਉਪਜਿਆ। ਇਸ ਨਦੀ ਕਿਨਾਰੇ ਉਸਨੇ ਸਮਾਧੀ ਲਾਉਣੀ ਆਰੰਭ ਦਿੱਤੀ। ਇਸ ਸਮੇਂ ਦੌਰਾਨ ਕੰਡਾਣੀ ਅਤੇ ਹੋਰ ਚਾਰ ਬ੍ਰਾਹਮਣ ਲੜਕੇ ਸੰਨਿਆਸੀ ਹੋ ਕੇ ਇਸਦੇ ਚੇਲੇ ਆ ਬਣੇ। ਸਿੱਧਾਰਥ ਨੇ ਸਮ ਦਮ ਆਦਿਕ ਯੋਗ ਦੀਆਂ ਸਾਧਨਾਂ ਆਰੰਭ ਕੀਤੀਆਂ ਅਤੇ ਆਹਾਰ ਨੂੰ ਬਿਲਕੁਲ ਘਟਾ ਦਿੱਤਾ। ਉਹ ਕਦੀ ਇਕ ਚੌਲ ਅਤੇ ਕਦੀ ਤਿਲ ਦਾ ਇਕ ਦਾਨਾ ਖਾ ਲਿਆ ਕਰਦਾ ਸੀ। ਉਸਦਾ ਸਰੀਰ ਬਿਲਕੁਲ ਸੁੱਕ ਗਿਆ ਅਤੇ ਹੱਡੀਆਂ ਨਿਕਲ ਆਈਆਂ।

ਇਕ ਦਿਨ ਉਹ ਸਮਾਧੀ ਵਿਚੋਂ ਉੱਠ ਕੇ ਨਦੀ ਕਿਨਾਰੇ ਦੋ ਤਿੰਨ ਕਦਮ ਹੀ ਗਿਆ ਸੀ ਕਿ ਬਿਹੋਸ਼ ਹੋ ਕੇ ਡਿੱਗ ਪਿਆ। ਉਸਦੇ ਸਾਥੀਆਂ ਨੇ ਸਮਝਿਆ ਕਿ ਸ਼ਾਇਦ ਉਹ ਪ੍ਰਾਣ ਤਿਆਗ ਗਿਆ ਹੈ। ਪਰ ਥੋੜ੍ਹੀ ਦੇਰ ਸੇਵਾ ਕਰਨ ਤੇ ਉਸਨੇ ਅੱਖੀਆਂ ਖੋਲ੍ਹ ਲਈਆਂ। ਸੁਰਤ ਆਉਣ ਤੇ ਉਸਦੇ ਦਿਲ ਵਿਚ ਇਕ ਖ਼ਿਆਲ ਆਇਆ ਕਿ ਹਠ ਯੋਗ ਦੇ ਸਾਧਨ ਨਾਲ ਮੈਨੂੰ ਛੇ ਵਰ੍ਹਿਆਂ ਵਿਚ ਭੀ ਆਤਮ-ਰਸ ਪ੍ਰਾਪਤ ਨਹੀਂ ਹੋ ਸਕਿਆ, ਇਸ ਲਈ ਇਸ ਸਾਧਨ ਨੂੰ ਛੱਡ ਦੇਣਾ ਚਾਹੀਦਾ ਹੈ। ਉਸਨੇ ਨਿਤਾਪ੍ਰਤੀ ਭੋਜਨ ਖਾਣਾ ਆਰੰਭ ਕਰ ਦਿੱਤਾ ਅਤੇ ਰਾਧਾ ਨਾਮੀ ਇਕ ਗਰੀਬ ਇਸਤਰੀ ਦੀ ਲਾਸ਼ ਦਾ ਕੱਪੜਾ, ਜਿਹੜਾ ਕਿ ਸ਼ਮਸ਼ਾਨ ਭੂਮੀ ਵਿਚ ਪਿਆ ਹੋਇਆ ਸੀ, ਧੋ ਕੇ ਪਹਿਨ ਲਿਆ। ਜਦ ਇਸਦੇ ਚੇਲਿਆਂ ਨੇ, ਜਿਹੜੇ ਕਿ ਹਠ ਯੋਗ ਦੇ ਬੜੇ ਪੱਕੇ ਸ਼ਰਧਾਲੂ ਸਨ, ਇਸਦੀ ਅਵਸਥਾ ਬਦਲੀ ਹੋਈ ਵੇਖੀ ਤਾਂ ਇਸਨੂੰ ਛੱਡ ਕੇ ਕਾਸ਼ੀ ਚਲੇ ਗਏ। ਸਿੱਧਾਰਥ ਦੇ ਦਿਲ ਵਿਚ ਇਤਨੀ ਕਠਿਨ ਸਾਧਨਾ ਦੇ ਮਗਰੋਂ ਵੀ ਮਨੋਰਥ ਨਾ ਪ੍ਰਾਪਤ ਹੋਣ ਕਰਕੇ ਬੜੀ ਨਿਰਾਸਤਾ ਛਾ ਗਈ। ਉਹ ਡਾਵਾਂਡੋਲ ਫਿਰ ਰਿਹਾ ਸੀ ਕਿ 'ਮਾਰ' (ਬੁੱਧ ਮਤ ਵਿਚ ਸ਼ੈਤਾਨ ਦਾ ਨਾਂ ਹੈ) ਨੇ ਆ ਕੇ ਉਸਨੂੰ ਭੁਲਾਉਣਾ ਸ਼ੁਰੂ ਕਰ ਦਿੱਤਾ ਅਤੇ ਕਿਹਾ, "ਐ ਸ਼ਾਕਯ ਪੁੱਤਰ! ਤੂੰ ਆਪਣੇ ਸਰੀਰ ਨੂੰ ਕਿਉਂ ਨਸ਼ਟ ਕਰ ਰਿਹਾ ਹੈਂ? ਸਰੀਰ ਰੱਖਿਆ ਤੋਂ ਬਿਨਾਂ ਕੀ ਧਰਮ ਪ੍ਰਾਪਤ ਹੋ ਸਕਦਾ ਹੈ? ਤੇਰਾ ਜੁੱਸਾ ਸੁੱਕ ਗਿਆ ਹੈ ਅਤੇ ਤੇਰੀ ਸੁੰਦਰਤਾ ਨੂੰ ਨਾਸ਼ ਹੋਇਆ ਵੇਖ ਕੇ ਮੈਂ ਬੜਾ ਦੁਖੀ ਹੋ ਰਿਹਾ ਹਾਂ। ਇਸ ਰਾਹ ਨੂੰ ਛੱਡ ਦੇ ਅਤੇ ਆਪਣੇ ਰਾਜ ਨੂੰ ਵਾਪਸ ਚਲਾ ਜਾ। ਇਸ ਕਰਮ ਵਿਚ ਤੇਰਾ ਬੜਾ ਪੁੰਨ ਹੋਵੇਗਾ।

ਸਿੱਧਾਰਥ ਨੇ ਉੱਤਰ ਦਿੱਤਾ, "ਤੂੰ ਮੈਨੂੰ ਭੁਲਾਉਣ ਦਾ ਵਿਅਰਥ ਯਤਨ ਕਰਦਾ ਹੈਂ। ਜਿਨ੍ਹਾਂ ਨੂੰ ਧਰਮ-ਅਧਰਮ, ਪੁੰਨ-ਪਾਪ ਦੀ ਸਮਝ ਨਹੀਂ ਹੁੰਦੀ, ਉਹੋ ਹੀ ਤੇਰੇ ਜਾਲ ਵਿਚ ਫਸਦੇ ਹਨ। ਮੈਂ ਮੌਤ ਦੀ ਕੋਈ ਪਰਵਾਹ ਨਹੀਂ ਕਰਦਾ।"

ਫਿਰ ਸਿੱਧਾਰਥ ਏਥੋਂ ਵੀ ਤੁਰ ਪਿਆ ਅਤੇ ਨਗਰੂਧ ਬਿਰਛ ਦੇ ਥੱਲੇ ਜਾ ਬੈਠਾ। ਉਥੇ ਇਕ ਸੁਜਾਤਾ ਨਾਮੀ ਇਸਤਰੀ ਆਪਣੀ 'ਪੂਰਨਾ' ਨਾਮੀ ਦਾਸੀ ਪਾਸੋਂ ਖੀਰ ਦਾ ਭਰਿਆ ਹੋਇਆ ਭਾਂਡਾ ਚੁਕਵਾ ਕੇ ਲਿਆਈ ਅਤੇ ਸਿੱਧਾਰਥ ਦੇ ਸਾਹਮਣੇ ਦੇਵਤਾ ਸਮਝ ਕੇ ਰੱਖ ਦਿੱਤਾ। ਸਿੱਧਾਰਥ ਨੇ ਖੀਰ ਹੱਥ ਵਿਚ ਲੈ ਲਈ ਅਤੇ ਨਈਰੰਜਨ ਨਦੀ ਵਿਚ ਛੇਆਂ ਸਾਲਾਂ ਪਿੱਛੋਂ ਇਸ਼ਨਾਨ ਕੀਤਾ। ਖੀਰ ਖਾਣ ਮਗਰੋਂ 'ਸੂਸਤ' ਨਾਮੀ ਘਸਿਆਰੇ ਕੋਲੋਂ ਕੁਸ਼ਾ ਦਾ ਆਸਣ ਵਿਛਵਾ, ਬੀਰ ਆਸਨ ਲਗਾ ਕੇ ਬੈਠ ਗਿਆ ਅਤੇ ਪ੍ਰਣ ਕਰ ਲਿਆ ਕਿ ਆਤਮ-ਪ੍ਰਾਪਤੀ ਬਗੈਰ ਨਹੀਂ ਉਠਾਂਗਾ, ਚਾਹੇ ਮੇਰਾ ਸਰੀਰ ਨਾਸ਼ ਹੀ ਕਿਉਂ ਨਾ ਹੋ ਜਾਏ।

ਜਦ 'ਮਾਰ' ਨੇ ਇਹ ਦੇਖਿਆ ਤਾਂ ਰਾਗ ਬਿਰਤੀ ਅਤੇ ਤ੍ਰਿਸ਼ਨਾ ਨਾਮੀ ਆਪਣੀਆਂ ਸੁੰਦਰ ਕੁੜੀਆਂ ਨੂੰ ਉਸਦਾ ਜੋਗ ਭੰਗ ਕਰਨ ਲਈ ਭੇਜਿਆ, ਪਰ ਇਨ੍ਹਾਂ ਦਾ ਜਾਦੂ ਸਿੱਧਾਰਥ ਤੇ ਨਾ ਚੱਲ ਸਕਿਆ। ਫਿਰ 'ਮਾਰ' ਆਪਣੀਆਂ ਸਾਰੀਆਂ ਫ਼ੌਜਾਂ ਲੈ ਕੇ ਚੜ੍ਹ ਆਇਆ, ਪਰ ਹਾਰ ਖਾਧੀ। ਸਿੱਧਾਰਥ ਨੂੰ ਨਿਰਬਾਣ ਪਦ ਪ੍ਰਾਪਤ ਹੋਇਆ ਅਤੇ ਉਹ ਬੁੱਧ ਹੋ ਗਿਆ । ਜਿਸ ਬਿਰਛ ਦੇ ਥੱਲੇ ਇਸਨੂੰ ਇਹ ਪਦ ਪ੍ਰਾਪਤ ਹੋਇਆ, ਉਸਦਾ ਨਾਮ 'ਬੁੱਧ-ਦ੍ਰਮ' ਪੈ ਗਿਆ। ਇਸਤੋਂ ਉਪਰੰਤ ਬੁੱਧ ਕਪਿਲਵਸਤੂ ਵਿਚ ਵੀ ਆਇਆ ਅਤੇ ਆਪਣੇ ਭਾਈ ਤੇ ਬੇਟੇ ਨੂੰ ਵੀ ਸੰਨਿਆਸੀ ਕਰ ਲਿਆ। ਬੁੱਧ ਨੇ

ਸੰਨਿਆਸੀ ਇਸਤਰੀਆਂ ਦੀ ਵੀ ਇਕ ਮੰਡਲੀ ਬਣਾਈ ਅਤੇ ਉਨ੍ਹਾਂ ਦੀ ਮੁਖੀ ਗੋਪਾਂ ਨੂੰ ਮੁਕੱਰਰ ਕੀਤਾ। ਬੁੱਧ ਦੇ ਚੇਲਿਆਂ ਦੇ ਦੋ ਫ਼ਿਰਕੇ ਬਣ ਗਏ ਅਤੇ ਬੁੱਧ ਮਤ ਦੀਆਂ ਤਿੰਨ ਪੁਸਤਕਾਂ, ਜਿਨ੍ਹਾਂ ਨੂੰ ਤ੍ਰਿਪਿਟਿਕ (ਤਿੰਨ ਪਟਾਰੀਆਂ) ਕਹਿੰਦੇ ਹਨ, ਪ੍ਰਚਲਤ ਹੋਈਆਂ।

ਬੁੱਧ ਨੇ ਹੇਠ ਲਿਖੇ ਦਸ ਅਸੂਲਾਂ ਦੀ ਵਿੱਦਿਆ ਆਪਣੇ ਚੇਲਿਆਂ ਨੂੰ ਦਿੱਤੀ :

1. ਕਿਸੇ ਨੂੰ ਜਾਨੋਂ ਨਹੀਂ ਮਾਰਨਾ।
2. ਚੋਰੀ ਨਹੀਂ ਕਰਨੀ।
3. ਪਰ-ਇਸਤਰੀ ਗਮਨ ਨਹੀਂ ਕਰਨਾ।
4. ਝੂਠ ਨਹੀਂ ਬੋਲਣਾ।
5. ਨਸ਼ਿਆਂ ਤੋਂ ਬਚੇ ਰਹਿਣਾ।
6. ਦੁਪਹਿਰ ਦੇ ਪਿੱਛੋਂ ਪ੍ਰਸ਼ਾਦ ਨਹੀਂ ਛਕਣਾ।
7. ਨਾਚ ਤੇ ਖ਼ੁਸ਼ੀ ਦਿਆਂ ਕੌਤਕਾਂ ਵਿਚ ਸ਼ਾਮਲ ਨਹੀਂ ਹੋਣਾ।
8. ਸੁਗੰਧੀ ਵਾਲੀਆਂ ਚੀਜ਼ਾਂ ਨਹੀਂ ਵਰਤਣੀਆਂ।
9. ਚੰਗੇ ਵਸਤਰ ਤੇ ਮੰਜੇ ਨੂੰ ਨਹੀਂ ਵਰਤਣਾ।
10. ਸੋਨਾ-ਚਾਂਦੀ ਕਿਸੇ ਪਾਸੋਂ ਨਹੀਂ ਲੈਣਾ।

ਪਿਛਲੇ ਦੋ ਅਸੂਲ ਕੇਵਲ ਸੰਨਿਆਸੀਆਂ ਲਈ ਜ਼ਰੂਰੀ ਹਨ। ਬੁੱਧ ਈਸ਼ਵਰ ਦੀ ਹੋਂਦ ਨੂੰ ਨਹੀਂ ਸੀ ਮੰਨਦਾ। ਉਸਦੇ ਮਤ ਵਿਚ ਨਿਰਬਾਣ ਦਾ ਪ੍ਰਾਪਤ ਕਰਨਾ ਅਰਥਾਤ ਬੁੱਧ ਹੋ ਜਾਣਾ ਹੀ ਪੁਰਸ਼ ਦਾ ਸਭ ਤੋਂ ਉੱਚਾ ਮੰਤਵ ਹੈ। ਉਹ ਜ਼ਾਤ-ਪਾਤ ਦੇ ਭਿੰਨ-ਭੇਦ, ਹਿੰਦੂ ਸਿੰਮ੍ਰਿਤੀਆਂ ਤੇ ਵੇਦਾਂ ਦਾ ਕਾਇਲ ਭੀ ਨਹੀਂ ਸੀ, ਪਰ ਆਵਾਗਵਣ ਨੂੰ ਮੰਨਦਾ ਸੀ। ਬੁੱਧ ਨੇ 45 ਸਾਲ ਤੱਕ ਆਪਣੇ ਧਰਮ ਦਾ ਪ੍ਰਚਾਰ ਕੀਤਾ, ਜਿਸ ਤੋਂ ਸ੍ਰੀ ਪੱਤ੍ਰ ਅਤੇ ਲੋਗਾਨ ਦੋ ਜਥੇ ਇਸਦੇ ਚੇਲਿਆਂ ਦੇ ਬਣੇ।

80 ਸਾਲ ਦੀ ਉਮਰ ਵਿਚ ਇਸ ਉੱਤੇ ਇਕ ਅਜਿਹੇ ਰੋਗ ਨੇ ਹਮਲਾ ਕੀਤਾ ਕਿ ਇਹ ਆਪਣੇ ਜੀਵਨ ਤੋਂ ਨਿਰਾਸ ਹੋ ਗਿਆ ਅਤੇ ਆਪਣੇ 'ਨੰਦਾ' ਨਾਮੀ ਚੇਲੇ ਨੂੰ ਕਿਹਾ ਕਿ ਸਾਰਿਆਂ ਚੇਲਿਆਂ ਨੂੰ ਇਕੱਠਾ ਕਰੇ। ਉਹ ਆਪ 'ਪਾਵਾ' ਨਾਮੀ ਸਥਾਨ ਤੇ ਚਲਾ ਗਿਆ। ਨੰਦਾ ਨੇ ਇਕ ਬਿਰਛ ਥੱਲੇ ਚਾਦਰ ਵਿਛਾ ਦਿੱਤੀ, ਜਿਸ 'ਤੇ ਬੁੱਧ ਸਦਾ ਦੀ ਨੀਂਦੇ ਸੌਂ ਗਿਆ। 'ਕੁਸੀਰਾ' ਨਾਮੀ ਸ਼ਹਿਰ ਦਿਆਂ ਲੋਕਾਂ ਨੇ ਚਿਖਾ ਤਿਆਰ ਕਰ ਕੇ ਉਸਦਾ ਸਸਕਾਰ ਕੀਤਾ ਅਤੇ ਮਗਰੋਂ ਉਸਦੀ ਰਾਖ਼ ਨੂੰ ਚੇਲਿਆਂ ਵਿਚ ਵੰਡ ਦਿੱਤਾ ਗਿਆ।

ਬੁੱਧ ਦੀ ਪੂਜਾ ਬੋਧੀਆਂ ਵਿਚ ਕਈ ਤਰੀਕਿਆਂ ਨਾਲ ਕੀਤੀ ਜਾਂਦੀ ਹੈ। ਲੰਕਾ ਵਿਚ ਉਸਦੇ ਇਕ ਦੰਦ ਦੀ ਪੂਜਾ ਕੀਤੀ ਜਾਂਦੀ ਹੈ। ਜਪਾਨ ਵਿਚ ਬੁੱਧ ਦਾ ਇਕ 30 ਫੁੱਟ ਲੰਮਾ ਬੁੱਤ ਹੈ ਅਤੇ ਕਿਆਸ ਕੀਤਾ ਜਾਂਦਾ ਹੈ ਕਿ ਇਹ ਲੰਬਾਈ ਠੀਕ ਸੀ।

ਪ੍ਰਸ਼ਨ

1. ਮਹਾਤਮਾ ਬੁੱਧ ਦੇ ਮਾਤਾ-ਪਿਤਾ ਦਾ ਨਾਮ ਦੱਸੋ।

2. ਜੋਤਸ਼ੀਆਂ ਨੇ ਰਾਜੇ ਨੂੰ ਉਸਦੇ ਪੁੱਤਰ ਬਾਰੇ ਕੀ ਭਵਿੱਖਬਾਣੀ ਕੀਤੀ?

3. ਮਹਾਤਮਾ ਬੁੱਧ (ਸਿਧਾਰਥ) ਦਾ ਜਨਮ ਕਦੋਂ ਹੋਇਆ?

4. ਮਹਾਤਮਾ ਬੁੱਧ ਨੇ ਕਿਹੋ ਜਿਹੀ ਇਸਤਰੀ ਨਾਲ ਵਿਆਹ ਕਰਾਉਣ ਦੀ ਮੰਗ ਰੱਖੀ?

5. ਗੋਪਾਂ ਕਿਹੋ ਜਿਹੀ ਇਸਤਰੀ ਸੀ?

6. ਮਹਾਤਮਾ ਬੁੱਧ ਨੇ ਸੰਨਿਆਸ ਕਿਉਂ ਧਾਰਨ ਕੀਤਾ?

7. ਤਪੱਸਿਆ ਕਰਦੇ ਸਮੇਂ ਮਹਾਤਮਾ ਬੁੱਧ ਨੂੰ ਕਿਹੜੀਆਂ-ਕਿਹੜੀਆਂ ਕਠਿਨਾਈਆਂ ਆਈਆਂ?

8. ਬੁੱਧ ਮੱਤ ਦੇ ਕਿਹੜੇ ਮੁੱਖ ਅਸੂਲ ਹਨ?

ਹਜ਼ਰਤ ਮੁਹੰਮਦ

ਪ੍ਰਿੰ. ਗੰਗਾ ਸਿੰਘ

ਇਸ ਮਹਾਪੁਰਸ਼ ਦਾ ਜਨਮ ਇਕ ਐਸੇ ਦੇਸ਼ ਵਿਚ ਹੋਇਆ, ਜਿਸ ਨੂੰ ਕੁਦਰਤ ਨੇ ਆਪਣੀਆਂ ਬਹੁਤ ਸਾਰੀਆਂ ਨਿਆਮਤਾਂ ਤੋਂ ਖ਼ਾਲੀ ਰੱਖਿਆ ਹੋਇਆ ਹੈ। ਅਫ਼ਰੀਕਾ ਦੇ ਨੇੜੇ ਹੋਣ ਕਰਕੇ ਅਰਬ ਦਾ ਦੇਸ਼ ਗਰਮ ਲੂਆਂ, ਬੰਜਰ ਚੱਟਾਨਾਂ ਅਤੇ ਰੇਤ ਦੇ ਟਿੱਬਿਆਂ ਦਾ ਘਰ ਹੈ। ਅਰਬੀ ਲੋਕ ਪੱਕਾ ਪਿੰਡ ਬੰਨ੍ਹ ਕੇ ਘੱਟ ਹੀ ਰਹਿੰਦੇ ਹਨ, ਸਗੋਂ ਸਾਡੇ ਦੇਸ਼ ਦੇ ਚੰਗੜਾਂ, ਗੰਧੀਲੇ ਆਦਿਕਾਂ ਵਾਂਗੂੰ ਜਥੇ ਬੰਨ੍ਹ ਕੇ ਦੇਸ਼ ਵਿਚ ਵਿਚਰਦੇ ਰਹਿੰਦੇ ਹਨ। ਇਹ ਲੋਕ ਭੇਡਾਂ, ਬੱਕਰੀਆਂ ਜ਼ਿਆਦਾ ਪਾਲਦੇ ਹਨ। ਜਿੱਥੇ ਬਰਸਾਤ ਦੇ ਭਰੇ ਹੋਏ ਟੋਭੇ ਮਿਲ ਜਾਣ, ਪਾਣੀ ਸੁੱਕਦਿਆਂ ਤੱਕ ਆਪਣਾ ਘਰ ਉਥੇ ਹੀ ਬਣਾਈ ਰੱਖਦੇ ਹਨ। ਅਰਬੀ ਕੌਮਾਂ ਵਿਚ ਜਿਥੇ ਬਹਾਦਰੀ, ਆਜ਼ਾਦੀ, ਪ੍ਰਾਹੁਣਚਾਰੀ, ਮਿੱਠਾ ਬੋਲਣਾ ਆਦਿਕ ਕਈ ਭਲੇ ਗੁਣ ਹਨ, ਉਥੇ ਮੁਹੰਮਦ ਦੇ ਪੈਦਾ ਹੋਣ ਤੋਂ ਪਹਿਲਾਂ ਵਿਕਾਰ, ਡਕੈਤੀ, ਸ਼ਰਾਬ ਪੀਣਾ ਤੇ ਨਿੱਕੀ ਨਿੱਕੀ ਗੱਲ ਤੋਂ ਬੰਦੇ ਦਾ ਖ਼ੂਨ ਕਰ ਘੱਤਣਾ, ਮਾਸੂਮ ਬੱਚੀਆਂ ਨੂੰ ਮਾਰ ਦੇਣਾ, ਬਹੁਤੇ ਵਿਆਹ ਕਰਨੇ ਤੇ ਤੀਵੀਂ ਨੂੰ ਮਾੜੀ-ਮਾੜੀ ਗੱਲ 'ਤੇ ਖ਼ਾਵੰਦ ਨੇ ਛੱਡ ਦੇਣਾ ਆਦਿ ਔਗੁਣਾਂ ਕਰਕੇ ਅਰਬ ਬਹੁਤ ਬਦਨਾਮ ਹੋ ਚੁੱਕਾ ਸੀ।

ਅਰਬੀ ਕਬੀਲਿਆਂ ਦੇ ਆਪਣੇ ਅੱਡੋ-ਅੱਡਰੇ ਬੁੱਤ ਹੁੰਦੇ ਸਨ, ਜਿਨ੍ਹਾਂ ਨੂੰ ਉਹ ਆਪਣਾ-ਆਪਣਾ ਇਸ਼ਟ ਸਮਝ ਕੇ ਪੂਜਦੇ ਸਨ। ਮੱਕੇ ਸ਼ਹਿਰ ਵਿਚ ਕਾਬੇ ਦਾ ਮੰਦਿਰ ਇਨ੍ਹਾਂ ਦਾ ਇਕ ਸਾਂਝਾ ਬੁੱਤਖ਼ਾਨਾ ਸੀ। ਇਸੇ ਹੀ ਮੰਦਿਰ ਦੇ ਪੁਜਾਰੀਆਂ ਵਿਚੋਂ, ਬਨੀ ਹਾਸ਼ਮ ਦੇ ਘਰਾਣੇ ਵਿਚ, ਅਬਦੁੱਲਾ ਦੇ ਘਰ ਬੀਬੀ ਆਮਨਾ ਦੇ ਪੇਟ ਤੋਂ ਮੁਹੰਮਦ ਸਾਹਿਬ ਨੇ ਜਨਮ ਲਿਆ। ਇਨ੍ਹਾਂ ਦੇ ਜਨਮ ਤੋਂ ਕੁਝ ਦਿਨ ਪਹਿਲਾਂ ਹੀ ਅਬਦੁੱਲਾ ਨੇ ਆਪਣਾ ਤਨ ਤਿਆਗ ਦਿੱਤਾ ਸੀ ਅਤੇ ਬੱਚੇ ਦੀ ਪਾਲਣਾ ਉਸਦੇ ਦਾਦੇ ਅਬਦੁੱਲ ਮੁੱਤਲਿਬ ਦੇ ਗੋਚਰੇ ਹੋਈ। ਕਹਿੰਦੇ ਹਨ ਕਿ ਇਸ ਖ਼ਾਨਦਾਨ ਨੇ ਕਿਸੇ ਸਮੇਂ ਵਿਚ ਮੱਕੇ ਦੇ ਮੰਦਿਰ ਨੂੰ ਦੁਸ਼ਮਣਾਂ ਕੋਲੋਂ ਬਚਾਇਆ ਸੀ। ਉਸ ਵਡਿਆਈ ਦੀ ਯਾਦਗਾਰ ਵਿਚ ਇਸ ਘਰਾਣੇ ਦੇ ਵੱਡੇ ਨੂੰ ਸ਼ਰੀਫ਼ ਮੱਕਾ ਦਾ ਖ਼ਿਤਾਬ ਦਿੱਤਾ ਹੋਇਆ ਸੀ ਤੇ ਇਨ੍ਹਾਂ ਦਿਨਾਂ ਵਿਚ ਅਬਦੁੱਲ ਮੁੱਤਲਿਬ ਹੀ ਸ਼ਰੀਫ ਮੱਕਾ ਸੀ। ਜਦ ਇਸ ਨੇ ਪੋਤਰੇ ਦੇ ਪੈਦਾ ਹੋਣ ਦੀ ਖ਼ਬਰ ਸੁਣੀ ਤਾਂ ਕਾਅਬੇ ਦੇ ਮੰਦਿਰ ਵਿਚ ਜਾ ਕੇ ਪਰਮੇਸ਼ਰ ਦਾ ਸ਼ੁਕਰ ਕੀਤਾ। ਸਭ ਤੋਂ ਪਹਿਲਾਂ ਬੱਚੇ ਨੂੰ ਇਸਦੇ ਚਾਚੇ ਅਬੂ ਦੀ ਲੌਂਡੀ ਨੇ ਦੁੱਧ ਪਿਆਇਆ ਅਤੇ ਉਸ ਦੇ ਮਗਰੋਂ ਅਰਬ ਦੇ ਰਿਵਾਜ ਮੁਜਬ ਇਕ ਪੇਂਡੂ ਦਾਈ ਹਲੀਮਾ ਇਸ ਕੰਮ 'ਤੇ ਮੁਕੱਰਰ ਕੀਤੀ ਗਈ, ਜੋ ਬੱਚੇ ਨੂੰ ਪਾਲਣ ਲਈ ਆਪਣੇ ਨਾਲ ਲੈ ਗਈ। ਉਹ ਛੇਵੇਂ ਮਹੀਨੇ ਬੱਚੇ ਨੂੰ ਮਾਪਿਆਂ ਨੂੰ ਵਿਖਾ ਕੇ ਫਿਰ ਲੈ ਜਾਂਦੀ ਸੀ।

ਦੋ ਵਰ੍ਹਿਆਂ ਪਿੱਛੋਂ ਦੁੱਧ ਛੁਡਾ ਦਿੱਤਾ ਗਿਆ ਅਤੇ ਬੱਚਾ ਆਪਣੀ ਮਾਂ ਆਮਨਾ ਦੇ ਪ੍ਰਬੰਧ ਹੇਠਾਂ ਪਲਣਾ ਸ਼ੁਰੂ ਹੋਇਆ। ਜਦ ਮੁਹੰਮਦ ਸਾਹਿਬ ਦੀ ਉਮਰ ਛੇ ਵਰ੍ਹਿਆਂ ਦੀ ਹੋਈ ਤਾਂ ਆਮਨਾ ਉਸ ਨੂੰ ਆਪਣੇ ਪੇਕੇ ਮਦੀਨੇ ਲੈ ਗਈ ਅਤੇ ਉਥੋਂ ਵਾਪਸ ਮੁੜਦਿਆਂ ਹੋਇਆਂ ਅਬੋਹਾ ਨਾਮੀ ਪਿੰਡ ਵਿਚ ਬੀਬੀ ਆਮਨਾ ਨੇ ਆਪਣਾ ਸਰੀਰ ਤਿਆਗ ਦਿੱਤਾ। ਇਸਦੇ ਮਗਰੋਂ ਦਾਦਾ ਹੀ ਆਪਣੇ ਮਹਿੱਟਰ ਪੋਤਰੇ ਦੀ ਸੰਭਾਲ ਕਰਦਾ ਰਿਹਾ। ਪਰ ਰੱਬ ਦੀ ਕਰਨੀ! ਅਜੇ ਮੁੰਡਾ ਅੱਠਾਂ ਵਰ੍ਹਿਆਂ ਦਾ ਭੀ ਨਹੀਂ ਹੋਇਆ ਸੀ ਕਿ ਬਿਰਧ ਬਾਬਾ ਭੀ ਗੁਜ਼ਰ ਗਿਆ। ਉਪਰੰਤ ਇਸ ਦੇ ਚਾਚਾ ਅਬੂਤਾਲਬ ਨੇ ਇਸ ਨੂੰ ਪਾਲਿਆ।

ਮੁਹੰਮਦ ਪਲਿਆ ਅਤੇ ਜਵਾਨ ਹੋਇਆ। ਉਸਦੀ 25 ਵਰ੍ਹਿਆਂ ਦੀ ਉਮਰ ਤੱਕ ਕੋਈ ਵਿਸ਼ੇਸ਼ ਗੱਲ ਏਹੋ ਜਿਹੀ ਨਹੀਂ, ਜਿਹੜੀ ਇਥੇ ਲਿਖੀ ਜਾਵੇ, ਸਿਵਾਏ ਇਸ ਤੋਂ ਕਿ ਉਸ ਨੇ ਵਪਾਰ ਲਈ ਯਮਨ ਵੱਲ ਕਈ ਸਫ਼ਰ ਕੀਤੇ। ਉਸ ਦੀ ਭਲਮਾਣਸੀ ਤੇ ਨੇਕੀ ਨੂੰ ਵੇਖ ਕੇ ਲੋਕਾਂ ਨੇ ਉਸ ਨੂੰ 'ਸਾਦਕ' ਤੇ 'ਅਮੀਨ' ਦੀ ਪਦਵੀ ਦਿੱਤੀ। ਇਨੀਂ ਦਿਨੀਂ ਮੱਕੇ ਵਿਚ ਇਕ ਅਮੀਰ ਵਿਧਵਾ ਖ਼ਦੀਜਾ ਨਾਮੀ ਇਸਤਰੀ ਰਹਿੰਦੀ ਸੀ। ਉਸ ਨੇ ਪਹਿਲਾਂ ਦੋ ਨਿਕਾਹ ਕੀਤੇ ਸਨ। ਇਸਦਾ ਪਿਛਲਾ ਕੰਤ ਬੜਾ ਧਨੀ ਸੀ, ਜਿਸਦੇ

ਮਰਨ ਤੋਂ ਖ਼ਦੀਜਾ ਕੋਲ ਬਹੁਤ ਸਾਰਾ ਧਨ ਰਹਿ ਗਿਆ। ਉਸਨੂੰ ਆਪਣਾ ਕੰਮ ਚਲਾਉਣ ਲਈ ਇਕ ਕਾਰਿੰਦੇ ਦੀ ਲੋੜ ਸੀ। ਉਸ ਨੇ ਕਿਹਾ ਕਿ ਜੇ ਮੁਹੰਮਦ ਮੇਰਾ ਨੌਕਰ ਹੋ ਜਾਵੇ ਤਾਂ ਦੂਣੀ ਤਨਖ਼ਾਹ ਦੇਵਾਂਗੀ। ਮੁਹੰਮਦ ਨੇ ਆਪਣੇ ਚਾਚੇ ਨਾਲ ਸਲਾਹ ਕਰ ਕੇ ਖ਼ਦੀਜਾ ਦੀ ਨੌਕਰੀ ਕਰ ਲਈ ਅਤੇ ਉਸ ਦਾ ਮਾਲ ਲੈ ਕੇ ਵਪਾਰ ਕਰਨ ਸਿਆਮ ਨੂੰ ਚਲਿਆ ਗਿਆ। ਜਦ ਵਾਪਸ ਆਇਆ ਤਾਂ ਖ਼ਦੀਜਾ ਉਸ ਦੇ ਕੰਮ ਤੋਂ ਐਨੀ ਪ੍ਰਸੰਨ ਹੋਈ ਕਿ ਉਸ ਦੇ ਨਾਲ ਸ਼ਾਦੀ ਕਰ ਲਈ। ਵਿਆਹ ਸਮੇਂ ਖ਼ਦੀਜਾ ਦੀ ਉਮਰ 40 ਸਾਲ ਦੀ ਤੇ ਮੁਹੰਮਦ ਸਾਹਿਬ ਦੀ 25 ਸਾਲ ਦੀ ਸੀ, ਪਰ ਇਨ੍ਹਾਂ ਦੋਹਾਂ ਵਿਚ ਇਤਨਾ ਪਿਆਰ ਸੀ ਕਿ ਮੁਹੰਮਦ ਸਾਹਿਬ ਨੇ ਖ਼ਦੀਜਾ ਦੇ ਜਿਊਂਦੇ ਜੀਅ ਹੋਰ ਕੋਈ ਨਿਕਾਹ ਨਾ ਕੀਤਾ। ਖ਼ਦੀਜਾ ਦੇ ਪੇਟੋਂ ਚਾਰ ਲੜਕੀਆਂ ਤੇ ਚਾਰ ਲੜਕੇ ਹੋਏ। ਲੜਕਿਆਂ ਦੇ ਨਾਮ ਕਾਸਿਮ, ਅਬਦੁੱਲਾ, ਤਾਹਿਰ ਤੇ ਤੈਬ ਸਨ ਤੇ ਲੜਕੀਆਂ ਦੇ ਨਾਂ ਫ਼ਾਤਿਮਾ, ਜ਼ੈਨਬ, ਕਲਯੂਮ ਤੇ ਰਕੀਆ ਸਨ। ਖ਼ਦੀਜਾ ਵਿਆਹ ਦੇ ਮਗਰੋਂ 15 ਵਰ੍ਹੇ ਜੀਊਂਦੀ ਰਹੀ ਅਤੇ ਜਦ ਉਹ ਗੁਜ਼ਰੀ ਤਾਂ ਉਸਦੇ ਮਗਰੋਂ ਮੁਹੰਮਦ ਨੇ ਹੋਰ ਸ਼ਾਦੀਆਂ ਕੀਤੀਆਂ, ਜਿਨ੍ਹਾਂ ਦੀ ਗਿਣਤੀ ਕਈ ਇਤਿਹਾਸਕਾਰ ਨੌਂ ਤੇ ਕਈ ਗਿਆਰਾਂ ਦੱਸਦੇ ਹਨ। ਇਨ੍ਹਾਂ ਸਾਰੀਆਂ ਵਿਚੋਂ ਆਇਸ਼ਾ ਆਪ ਨੂੰ ਸਭ ਤੋਂ ਪਿਆਰੀ ਸੀ। ਪਰ ਫਿਰ ਵੀ ਖ਼ਦੀਜਾ ਨੂੰ ਯਾਦ ਕਰ ਕੇ ਆਪ ਬੜੇ ਦੁਖੀ ਹੋ ਜਾਇਆ ਕਰਦੇ ਸਨ।

ਕਹਿੰਦੇ ਹਨ ਕਿ ਇਕ ਦਿਨ ਆਇਸ਼ਾ ਨੇ ਪੁੱਛਿਆ, "ਯਾ ਹਜ਼ਰਤ! ਆਪ ਖ਼ਦੀਜਾ ਨੂੰ ਯਾਦ ਕਰ ਕੇ ਉਦਾਸ ਕਿਉਂ ਹੋ ਜਾਂਦੇ ਹੋ? ਕੀ ਤੁਹਾਨੂੰ ਪਰਮੇਸ਼ਰ ਨੇ ਉਸ ਤੋਂ ਸੋਹਣੀ ਵਹੁਟੀ ਨਹੀਂ ਦੇ ਦਿੱਤੀ?" ਤਾਂ ਆਪ ਨੇ ਕਿਹਾ, "ਖ਼ਦੀਜਾ ਨੇ ਮੈਨੂੰ ਓਦੋਂ ਕਬੂਲ ਕੀਤਾ ਸੀ, ਜਦ ਮੇਰੇ ਕੋਲ ਧਨ ਨਹੀਂ ਸੀ, ਜਦ ਕੁਰੈਸ਼ (ਆਪਦਾ ਘਰਾਣਾ) ਦਾ ਬੱਚਾ-ਬੱਚਾ ਮੇਰਾ ਵੈਰੀ ਸੀ।"

ਮੁਹੰਮਦ ਸਾਹਿਬ ਦੀ ਚਤੁਰਤਾ ਦੀ ਸਮਝ ਇਕ ਹੀ ਸਾਖੀ ਤੋਂ ਲੱਗ ਜਾਂਦੀ ਹੈ, ਜਿਹੜੀ ਕਿ ਮੱਕੇ ਵਿਚ ਅਰਬੀਆਂ ਦੇ ਪਰਸਪਰ ਫ਼ਸਾਦ ਸਮੇਂ ਹੋਈ। ਗੱਲ ਇਸ ਤਰ੍ਹਾਂ ਹੈ ਕਿ ਜਦੋਂ ਕਾਅਬੇ ਦਾ ਮੰਦਰ ਅੱਗ ਲੱਗ ਜਾਣ ਕਰਕੇ ਡਿੱਗ ਪਿਆ ਤਾਂ ਮੱਕੇ ਦੇ ਲੋਕਾਂ ਨੇ ਉਸਨੂੰ ਦੁਬਾਰਾ ਬਣਾਉਣਾ ਚਾਹਿਆ। ਉਸ ਵਿਚ 'ਸੰਗੇ ਅਸਵਦ' (ਇਬਰਾਹੀਮ ਦਾ ਪਵਿੱਤਰ ਨਿਸ਼ਾਨ ਜਿਹੜਾ ਕਿ ਕਾਲਾ ਪੱਥਰ ਹੈ ਤੇ ਮੁਸਲਮਾਨਾਂ ਵਿੱਚ ਸਨਮਾਨਿਆ ਜਾਂਦਾ ਹੈ) ਧਰਨ ਉੱਤੇ ਆਪਸ ਵਿਚ ਝਗੜਾ ਹੋ ਪਿਆ, ਕਿਉਂਕਿ ਅਰਬ ਦਾ ਹਰ ਜਥਾ ਉਸਨੂੰ ਚੁੱਕ ਕੇ ਧਰਨ ਵਿਚ ਬੜਾ ਮਾਣ ਸਮਝਦਾ ਸੀ। ਅਖ਼ੀਰ ਇਹ ਤੈਅ ਹੋਇਆ ਕਿ ਜਿਹੜਾ ਮਨੁੱਖ ਅਗਲੀ ਸਵੇਰ ਸਭ ਤੋਂ ਪਹਿਲਾਂ ਮੱਕੇ ਦੇ ਮੰਦਰ ਦੇ ਬੂਹੇ ਅੱਗੇ ਆ ਜਾਵੇ, ਉਹੋ ਹੀ ਪੱਥਰ ਚੁੱਕ ਕੇ ਧਰੇ। ਸਵੇਰੇ ਮੁਹੰਮਦ ਸਾਹਿਬ ਹੀ ਸਭ ਤੋਂ ਪਹਿਲੇ ਆਏ ਤਾਂ ਲੋਕਾਂ ਨੇ ਉਨ੍ਹਾਂ 'ਤੇ ਫ਼ੈਸਲਾ ਛੱਡ ਦਿੱਤਾ। ਮੁਹੰਮਦ ਸਾਹਿਬ ਨੇ ਇਕ ਚਾਦਰ ਧਰਤੀ 'ਤੇ ਵਿਛਾ ਦਿੱਤੀ ਤੇ ਉੱਤੇ ਪੱਥਰ ਰੱਖ ਕੇ ਸਾਰਿਆਂ ਜਥਿਆਂ ਨੂੰ ਕਿਹਾ ਕਿ ਤੁਹਾਡਾ ਇਕ ਇਕ ਬੰਦਾ ਚਾਦਰ ਨੂੰ ਫੜ ਕੇ ਚੁੱਕੇ। ਇਸ ਤਰ੍ਹਾਂ ਆਪ ਨੇ ਉਸ ਟੰਟੇ (ਮਸਲੇ) ਨੂੰ ਬੜੀ ਸੋਹਣੀ ਤਰ੍ਹਾਂ ਨਿਪਟਾਇਆ।

ਇਨ੍ਹਾਂ ਦਿਨਾਂ ਵਿਚ ਹੀ ਮੁਹੰਮਦ ਸਾਹਿਬ ਨੇ ਖ਼ਦੀਜਾ ਦੇ ਇਕ ਗੁਲਾਮ (ਮੁੱਲ ਲਿਆ ਹੋਇਆ ਨੌਕਰ) ਨੂੰ ਸੁਤੰਤਰ ਕਰ ਕੇ ਆਪਣੀ ਭੂਆ ਦੀ ਧੀ ਜ਼ੈਨਬ ਨਾਲ ਵਿਆਹ ਦਿੱਤਾ। ਮੁਹੰਮਦ ਸਾਹਿਬ ਆਪਣੇ ਦੇਸ਼ ਦੀ ਗਿਰੀ ਹੋਈ ਹਾਲਤ ਨੂੰ ਵੇਖ ਕੇ ਬੜੇ ਚਿੰਤਾਤੁਰ ਰਿਹਾ ਕਰਦੇ ਅਤੇ ਸਦਾ ਹੀ ਇਕਾਂਤ ਵਿਚ ਬੈਠ ਕੇ ਦੇਸ਼ ਦੀ ਭਲਾਈ ਬਾਰੇ ਸੋਚਦੇ ਰਹਿੰਦੇ ਸਨ। ਉਨ੍ਹਾਂ ਦਾ ਇਹ ਤਰੀਕਾ ਸੀ ਕਿ ਉਹ ਹਰ ਵਰ੍ਹੇ ਰਮਜ਼ਾਨ ਦਾ ਇਕ ਮਹੀਨਾ 'ਹਿਰਾ' ਨਾਮੀ ਕੰਦਰਾ ਵਿਚ ਪਰਮੇਸ਼ਰ ਦੇ ਸਿਮਰਨ ਵਿਚ ਲਗਾਇਆ ਕਰਦੇ ਸਨ।

ਜਦ ਉਨ੍ਹਾਂ ਦੀ ਉਮਰ 40 ਬਰਸ ਦੀ ਹੋਈ ਤਾਂ ਇਕ ਦਿਨ ਜਦ ਉਹ ਸਦਾ ਵਾਂਗੂੰ 'ਹਿਰਾ' ਵਿਚ ਬੈਠੇ ਸਨ, ਉਨ੍ਹਾਂ ਦੇ ਕੰਨਾਂ ਵਿਚ ਆਵਾਜ਼ ਪਈ ਕਿ "ਹੇ ਮੁਹੰਮਦ! ਪੜ੍ਹ" ਜਦ ਉਨ੍ਹਾਂ ਵੇਖਿਆ ਤਾਂ ਸਾਹਮਣੇ ਜਬਰਾਈਲ ਫ਼ਰਿਸ਼ਤਾ ਖਲੋਤਾ ਸੀ। ਮੁਹੰਮਦ ਸਾਹਿਬ ਨੇ ਕਿਹਾ ਕਿ ਮੈਂ ਪੜ੍ਹਿਆ ਹੋਇਆ ਨਹੀਂ। ਤਦ ਫ਼ਰਿਸ਼ਤੇ ਨੇ ਇਹ ਆਇਤ ਕਹੀ, "ਪੜ੍ਹ ਆਪਣੇ ਪਰਵਦਗਾਰ ਦੇ ਨਾਮ ਤੇ ਜਿਹੜਾ ਕਰਤਾ ਹੈ ਤੇ ਜਿਸ ਨੇ ਜੰਮੇ ਹੋਏ ਲਹੂ ਵਿਚੋਂ ਮਨੁੱਖ ਵਰਗਾ ਅਸਚਰਜ ਵਿਅਕਤੀ ਪੈਦਾ ਕੀਤਾ ਹੈ।" ਮੁਹੰਮਦ ਸਾਹਿਬ

ਘਬਰਾ ਗਏ, ਉਨ੍ਹਾਂ ਦਾ ਜੁੱਸਾ ਪਾਣੀ-ਪਾਣੀ ਹੋ ਗਿਆ ਅਤੇ ਉਨ੍ਹਾਂ ਦੇ ਹੱਥ-ਪੈਰ ਸੁੰਨ ਹੋ ਗਏ। ਉਹ ਘਾਬਰੇ ਹੋਏ ਘਰ ਆਏ ਤੇ ਸਾਰਾ ਹਾਲ ਖ਼ਦੀਜਾ ਨੂੰ ਦੱਸਿਆ। ਖ਼ਦੀਜਾ ਨੇ ਉਨ੍ਹਾਂ ਨੂੰ ਧੀਰਜ ਦਿੱਤੀ ਤੇ ਆਖਿਆ, "ਤੁਸੀਂ ਠੀਕ ਹੀ ਪਰਮੇਸ਼ਰ ਦੇ ਪੈਗੰਬਰ ਹੋ ਅਤੇ ਸਭ ਤੋਂ ਪਹਿਲੇ ਤੁਹਾਥੋਂ ਮੈਂ ਦੀਖਿਆ ਲੈਂਦੀ ਹਾਂ। ਬੱਸ ਉਸ ਦਿਨ ਸਭ ਤੋਂ ਪਹਿਲੇ ਖ਼ਦੀਜਾ, ਉਨ੍ਹਾਂ ਦੀ ਆਪਣੀ ਇਸਤਰੀ, ਮੁਸਲਮਾਨ ਹੋਈ। ਉਸ ਤੋਂ ਪਿੱਛੋਂ ਉਨ੍ਹਾਂ ਦੇ ਚਾਚੇ ਦਾ ਪੁੱਤਰ ਹਜ਼ਰਤ ਅਲੀ ਤੇ ਫਿਰ ਅਬੂਬਕਰ ਸਦੀਕ ਮੁਸਲਮਾਨ ਹੋਇਆ। ਮੁਹੰਮਦ ਸਾਹਿਬ ਅਲੀ ਤੇ ਖ਼ਦੀਜਾ ਨੂੰ ਨਾਲ ਲੈ ਕੇ ਬਾਹਰ ਜੰਗਲਾਂ ਵਿਚ ਚਲੇ ਜਾਂਦੇ ਤੇ ਈਸ਼ਵਰ-ਚਿੰਤਨ ਕਰਦੇ।

ਇਕ ਦਿਨ ਚਾਣਚੱਕ ਜਦ ਕਿ ਉਹ ਭਗਤੀ ਵਿਚ ਲੱਗੇ ਹੋਏ ਸਨ, ਅਲੀ ਦਾ ਪਿਤਾ, ਅਬੂਤਾਲਬ ਉਥੇ ਆ ਗਿਆ। ਉਸਨੇ ਕਿਹਾ, "ਮੇਰੇ ਭਤੀਜੇ! ਤੇਰਾ ਕੀ ਮਤ ਹੈ?" ਮੁਹੰਮਦ ਸਾਹਿਬ ਨੇ ਕਿਹਾ, "ਮਤ ਪਰਮੇਸ਼ਰ ਦਾ, ਉਸਦੇ ਫ਼ਰਿਸ਼ਤਿਆਂ ਦਾ, ਉਸਦੇ ਪੈਗੰਬਰਾਂ ਦਾ ਅਤੇ ਸਾਡੇ ਇਬਰਾਹੀਮ ਦਾ ਹੈ, ਮੈਂ ਉਸ ਦਾ ਬੰਦਾ ਤੇ ਰਸੂਲ ਹਾਂ ਤੇ ਲੋਕਾਂ ਨੂੰ ਸੱਚਾ ਰਸਤਾ ਦੱਸਣ ਆਇਆ ਹਾਂ, ਮੈਂ ਚਾਹੁੰਦਾ ਹਾਂ ਕਿ ਤੁਸੀਂ ਵੀ ਇਸ ਸੱਚੇ ਦੀਨ ਵਿਚ ਆ ਜਾਓ।" ਅਬੂਤਾਲਬ ਨੇ ਕਿਹਾ, "ਮੈਂ ਆਪਣੇ ਪਿਉ ਦਾਦੇ ਦਾ ਮਤ ਤਾਂ ਨਹੀਂ ਛੱਡ ਸਕਦਾ, ਪਰ ਤੇਰੀ ਸਦਾ ਮਦਦ ਕਰਦਾ ਰਹਾਂਗਾ। ਇਸ ਤੋਂ ਮਗਰੋਂ ਤਿੰਨ ਸਾਲ ਤਕ ਮੁਹੰਮਦ ਸਾਹਿਬ ਨੇ ਸਹਿਜੇ-ਸਹਿਜੇ ਆਪਣੇ ਮਤ ਦਾ ਪ੍ਰਚਾਰ ਕੀਤਾ ਅਤੇ ਮੁਸਲਮਾਨਾਂ ਦੀ ਗਿਣਤੀ ਕੁਝ ਵਧਦੀ ਗਈ।

ਅਖ਼ੀਰ ਇਕ ਦਿਨ ਉਨ੍ਹਾਂ ਨੇ ਆਪਣੇ ਘਰਾਣੇ ਦੇ ਸਾਰੇ ਬੰਦੇ ਬੁਲਾ ਕੇ ਉਨ੍ਹਾਂ ਨੂੰ ਇਸਲਾਮ ਵਿਚ ਆਉਣ ਲਈ ਕਿਹਾ। ਇਸ ਗੱਲ ਤੋਂ ਲੋਕਾਂ ਨੇ ਬੜਾ ਰੋਸ ਮੰਨਿਆ ਅਤੇ ਉਸੇ ਹੀ ਦਿਨ ਤੋਂ ਮੁਹੰਮਦ ਸਾਹਿਬ ਦੀ ਵਿਰੋਧਤਾ ਆਰੰਭ ਹੋ ਗਈ। ਇਹਦੇ ਚਾਚੇ ਨੂੰ ਲੋਕਾਂ ਨੇ ਬੜੇ ਠੱਠੇ ਕੀਤੇ ਪਰ ਇਨ੍ਹਾਂ ਨੇ ਕੰਮ ਅੱਗੇ ਨਾਲੋਂ ਵੀ ਵਧੇਰੇ ਗਹੁ ਨਾਲ ਕਰਨਾ ਸ਼ੁਰੂ ਕਰ ਦਿੱਤਾ। ਇਹ ਹੁਣ ਬਜ਼ਾਰਾਂ ਵਿਚ ਪ੍ਰਚਾਰ ਅਤੇ ਬੁੱਤ-ਪੂਜਾ ਦਾ ਖੁੱਲ੍ਹਮ-ਖੁੱਲ੍ਹਾ ਖੰਡਨ ਕਰਨ ਲੱਗ ਪਏ। ਆਪਣੇ ਬੁੱਤਾਂ ਦਾ ਨਿਰਾਦਰ ਹੁੰਦਾ ਸੁਣ ਕੇ ਕੁਰੈਸ਼ ਬੜੇ ਤੰਗ ਹੋਏ ਤੇ ਉਨ੍ਹਾਂ ਨੇ ਮਿਲ ਕੇ ਅਬੂਤਾਲਬ ਨੂੰ ਆਖਿਆ, "ਜੇ ਸਾਨੂੰ ਤੇਰਾ ਲਿਹਾਜ਼ ਨਾ ਹੁੰਦਾ ਤਾਂ ਅਸੀਂ ਕਦੋਂ ਦੇ ਇਸ ਮੂਰਖ ਤੇ ਪਾਗਲ ਆਦਮੀ ਨੂੰ ਜਾਨੋਂ ਮਾਰ ਦੇਂਦੇ, ਜੇ ਤੂੰ ਵੀ ਇਹਦਾ ਹੀ ਪੱਖ ਕਰਨਾ ਹੈ ਤਾਂ ਤੇਰਾ ਸਾਡਾ ਫੈਸਲਾ ਤਲਵਾਰ ਕਰੇਗੀ।"

ਅਬੂਤਾਲਬ ਨੇ ਉਨ੍ਹਾਂ ਨੂੰ ਤਾਂ ਟਾਲ ਦਿੱਤਾ ਪਰ ਮੁਹੰਮਦ ਸਾਹਿਬ ਨੂੰ ਮਗਰੋਂ ਸਮਝਾਇਆ ਕਿ "ਪੁੱਤਰ! ਤੂੰ ਇਸ ਕੰਮ ਤੋਂ ਹਟ ਜਾ, ਮੈਂ ਹੁਣ ਤੇਰੀ ਵਧੇਰੇ ਸਹਾਇਤਾ ਨਹੀਂ ਕਰ ਸਕਦਾ।" ਮੁਹੰਮਦ ਸਾਹਿਬ ਨੇ ਉੱਤਰ ਦਿੱਤਾ ਕਿ ਜੇ ਮੈਨੂੰ ਧਰਤੀ ਤੇ ਸੂਰਜ ਵੀ ਜੁਆਬ ਦੇ ਦੇਣ ਕਿ ਅਸੀਂ ਤੇਰੇ ਕੰਮ ਵਿਚ ਸਹਾਇਤਾ ਨਹੀਂ ਕਰਦੇ ਤਾਂ ਵੀ ਮੈਂ ਆਪਣੇ ਪਵਿੱਤਰ ਪ੍ਰਚਾਰ ਨੂੰ ਜਾਰੀ ਰੱਖਾਂਗਾ। ਇਹ ਗੱਲ ਕਰਦਿਆਂ ਉਨ੍ਹਾਂ ਦਾ ਦਿਲ ਈਸ਼ਵਰ-ਭਗਤੀ ਨਾਲ ਭਰ ਗਿਆ ਤੇ ਉਛਾਲਾ ਖਾ ਕੇ ਨੇਤਰਾਂ ਦੀ ਰਾਹੀਂ ਵਗ ਤੁਰਿਆ। ਇਹਦਾ ਅਸਰ ਚਾਚੇ ਤੇ ਇਹ ਹੋਇਆ ਕਿ ਉਸਨੇ ਫਿਰ ਸਹਾਇਤਾ ਕਰਨ ਦਾ ਬਚਨ ਦੇ ਦਿੱਤਾ।

ਹੁਣ ਮੁਹੰਮਦ ਸਾਹਿਬ ਅਤੇ ਉਹਦੇ ਸਾਥੀਆਂ ਉੱਤੇ ਜ਼ੁਲਮ ਤੇ ਅੱਤਿਆਚਾਰਾਂ ਦਾ ਪਹਾੜ ਟੁੱਟ ਪਿਆ। ਕੁਰੈਸ਼ੀ ਇਨ੍ਹਾਂ ਨੂੰ ਫੜ੍ਹ ਕੇ ਜੰਗਲ ਵਿਚ ਲੈ ਜਾਂਦੇ, ਤਿੱਖੀ ਧੁੱਪ ਵਿਚ ਸੜਦੀ ਰੇਤ ਉਪਰ ਨੰਗੇ ਲਿਟਾ ਦੇਂਦੇ ਅਤੇ ਉਨ੍ਹਾਂ ਦੇ ਸੀਨਿਆਂ 'ਤੇ ਪੱਥਰਾਂ ਦੀਆਂ ਸਿਲਾਂ ਰੱਖ ਦੇਂਦੇ। ਇਨ੍ਹਾਂ ਦੁੱਖਾਂ ਦੇ ਕਾਰਣ ਕਈ ਮਰ ਗਏ ਅਤੇ ਕਈਆਂ ਨੇ ਆਤੁਰ ਹੋ ਕੇ ਨਵੇਂ ਦੀਨ ਨੂੰ ਛੱਡ ਦਿੱਤਾ। ਮੁਸਲਮਾਨਾਂ ਦੀ ਇਹ ਹਾਲਤ ਵੇਖ ਕੇ ਅਤੇ ਆਪਣੇ ਵਿਚ ਟਾਕਰੇ ਦੀ ਸਮਰੱਥਾ ਨਾ ਪਾ ਕੇ ਮੁਹੰਮਦ ਸਾਹਿਬ ਨੇ ਸਲਾਹ ਦਿੱਤੀ ਕਿ ਤੁਸੀਂ ਪਰਮੇਸ਼ਰ ਦਾ ਨਾਮ ਲੈ ਕੇ ਆਪਣਾ ਦੇਸ਼ ਛੱਡ ਦਿਓ ਅਤੇ ਈਸਾਈ ਬਾਦਸ਼ਾਹ ਨਜਾਸ਼ੀ ਦੀ ਰਾਜਧਾਨੀ ਅਬੀਸੀਨੀਆ ਨੂੰ ਹਿਜਰਤ ਕਰ ਜਾਓ। ਇਸ ਮਤੇ ਨੂੰ ਮੰਨ ਕੇ ਕਈ ਜਥੇ ਆਪਣੇ ਪਰਿਵਾਰ ਸਮੇਤ ਅਬੀਸੀਨੀਆ ਨੂੰ ਚਲੇ ਗਏ। ਕੁਰੈਸ਼ੀਆਂ ਨੇ ਹਬਸ਼ ਵਿਚ ਜਾ ਕੇ ਬਾਦਸ਼ਾਹ ਨੂੰ ਸਿਖਾਣ ਦਾ ਯਤਨ ਕੀਤਾ ਪਰ ਮੁਸਲਮਾਨਾਂ ਦੇ ਜਥੇਦਾਰ ਜਾਫ਼ਰ ਨੇ ਆਪਣੀ ਅਪਦਾ ਦੀ ਵਿਥਿਆ ਅਜਿਹੇ ਦਰਦ ਭਰੇ ਬਚਨਾਂ ਵਿਚ ਸੁਣਾਈ ਕਿ ਬਾਦਸ਼ਾਹ 'ਤੇ ਬੜਾ ਅਸਰ ਹੋਇਆ। ਉਸਨੇ ਕਿਹਾ ਕਿ ਮੈਨੂੰ ਵੀ ਦੱਸੋ

ਕਿ ਤੁਹਾਨੂੰ ਕੀ ਸਿਖਿਆ ਦਿੱਤੀ ਗਈ ਹੈ? ਜਾਫ਼ਰ ਨੇ ਕੁਰਾਨ ਵਿਚੋਂ ਉਹ ਸ਼ਬਦ ਪੜ੍ਹੇ, ਜਿਨ੍ਹਾਂ ਵਿਚ ਈਸਾ ਦੀ ਉਸਤਤ ਅਤੇ ਉਸਦੀ ਮਾਤਾ ਮਰੀਅਮ ਦੀ ਵਡਿਆਈ ਕੀਤੀ ਗਈ ਸੀ। ਜਦ ਬਾਦਸ਼ਾਹ ਨੇ ਸੁਣਿਆ ਕਿ ਉਹ ਈਸਾ ਨੂੰ ਵੀ ਨਬੀ ਸਮਝਦੇ ਹਨ ਤਾਂ ਬੜਾ ਪਸੰਨ ਹੋਇਆ ਤੇ ਆਪਣੇ ਦੇਸ਼ ਵਿਚ ਰਹਿਣ ਦੀ ਆਗਿਆ ਦੇ ਦਿੱਤੀ।

ਭਾਵੇਂ ਕੁਝ ਮੁਸਲਮਾਨ ਈਸਾਈ ਰਾਜ ਵਿਚ ਜਾਣ ਦੇ ਕਾਰਣ ਆਪਣੇ ਵਿਰੋਧੀਆਂ ਕੋਲੋਂ ਬਚ ਗਏ ਪਰ ਮੁਹੰਮਦ ਸਾਹਿਬ ਦਾ ਹਾਲ ਉਸੇ ਤਰ੍ਹਾਂ ਹੀ ਰਿਹਾ। ਕਾਫ਼ਰਾਂ ਵਿਚੋਂ ਇਨ੍ਹਾਂ ਦੇ ਸਭ ਤੋਂ ਵੱਡੇ ਦੁਸ਼ਮਣ ਅਬੂਜੇਹਲ ਤੇ ਉਮਰ ਸਨ। ਇਕ ਦਿਨ ਅਬੂਜੇਹਲ ਨੇ ਕਿਹਾ, "ਮੈਂ ਸੌ ਊਠ ਉਸ ਨੂੰ ਇਨਾਮ ਦਿਆਂਗਾ, ਜਿਹੜਾ ਮੁਹੰਮਦ ਸਾਹਿਬ ਦਾ ਸਿਰ ਵੱਢ ਕੇ ਲਿਆਵੇਗਾ? ਉਮਰ ਜਿਹੜਾ ਕਿ ਸਾਰੇ ਅਰਬੀਆਂ ਵਿਚੋਂ ਇਕ ਪ੍ਰਸਿੱਧ ਸੂਰਮਾ ਸੀ, ਇਸ ਕੰਮ ਲਈ ਤਿਆਰ ਹੋ ਗਿਆ। ਪਰ ਰਾਹ ਵਿਚ ਕਿਸੇ ਨੇ ਉਸਨੂੰ ਕਿਹਾ ਕਿ ਤੇਰੀ ਭੈਣ ਆਪ ਮੁਸਲਮਾਨ ਹੋ ਗਈ ਹੈ, ਤੂੰ ਪਹਿਲਾਂ ਉਸ ਨੂੰ ਦੰਡ ਕਿਉਂ ਨਹੀਂ ਦੇਂਦਾ। ਉਮਰ ਤਲਵਾਰ ਲੈ ਕੇ ਆਪਣੀ ਭੈਣ ਦੇ ਘਰ ਗਿਆ। ਜਦ ਲੜਕੀ ਨੇ ਭਰਾ ਦਾ ਖ਼ੂਨੀ ਚਿਹਰਾ ਤੱਕਿਆ ਤਾਂ ਕਹਿਣ ਲੱਗੀ ਕਿ ਪਹਿਲਾਂ ਤੂੰ ਸਾਡੀ ਤਾਲੀਮ ਸੁਣ ਲੈ, ਫਿਰ ਜੋ ਜੀ ਚਾਹੇ ਕਰੀਂ । ਜਦ ਕੁੜੀ ਨੇ ਕੁਰਾਨ ਸੁਣਾਉਣਾ ਸ਼ੁਰੂ ਕੀਤਾ ਤਾਂ ਉਮਰ ਦੀਆਂ ਅੱਖਾਂ ਵਿਚੋਂ ਅੱਥਰੂ ਨਿਕਲ ਆਏ ਤੇ ਤਲਵਾਰ ਗਲ ਵਿਚ ਪਾ ਕੇ ਉਸ ਮਕਾਨ 'ਤੇ ਆਇਆ, ਜਿਸ ਵਿਚ ਮੁਹੰਮਦ ਸਾਹਿਬ ਸਨ। ਮੁਸਲਮਾਨ ਇਸ ਦੀਆਂ ਸੋਆਂ ਸੁਣ ਕੇ ਹੀ ਭੈਭੀਤ ਹੋ ਰਹੇ ਸਨ ਤੇ ਇਸ ਨੂੰ ਆਉਂਦਿਆਂ ਵੇਖ ਕੇ ਬੂਹਾ ਬੰਦ ਕਰਨ ਦਾ ਯਤਨ ਕੀਤਾ, ਪਰ ਮੁਹੰਮਦ ਸਾਹਿਬ ਨੇ ਕਿਹਾ, "ਬੂਹਾ ਖੋਲ੍ਹ ਦਿਓ ਤੇ ਉਹਨੂੰ ਅੰਦਰ ਆਉਣ ਦਿਓ। ਜਦ ਉਮਰ ਅੰਦਰ ਆਇਆ ਤਾਂ ਮੁਹੰਮਦ ਸਾਹਿਬ ਬੋਲੇ, "ਉਮਰ ! ਤੂੰ ਕਦੋਂ ਤੱਕ ਖ਼ੁਦਾ ਤੇ ਉਸ ਦੇ ਰਸੂਲ ਨਾਲ ਲੜਦਾ ਰਹੇਂਗਾ?" ਉਮਰ ਨੇ ਆਖਿਆ, "ਮੈਂ ਮੁਸਲਮਾਨ ਹੋਣ ਲਈ ਆਇਆ ਹਾਂ।" ਇਹ ਆਖ ਕੇ ਉਸਨੇ ਕਲਮਾ ਪੜ ਲਿਆ। ਮੁਸਲਮਾਨਾਂ ਨੇ ਉਸ ਦਿਨ ਬੜੀ ਖ਼ੁਸ਼ੀ ਮਨਾਈ। ਪਹਿਲਾਂ ਉਹ ਲੁਕ ਛਿਪ ਕੇ ਨਮਾਜ਼ ਪੜ੍ਹਿਆ ਕਰਦੇ ਸਨ ਪਰ ਉਸ ਦਿਨ ਤੋਂ ਸ਼ਰੇਆਮ ਪੜ੍ਹਨ ਲੱਗ ਪਏ। ਉਮਰ ਨੇ ਤਲਵਾਰ ਖਿੱਚ ਕੇ ਕਿਹਾ ਕਿ ਮੈਂ ਮੁਸਲਮਾਨ ਹੋ ਗਿਆ ਹਾਂ ਤੇ ਹੁਣ ਨਮਾਜ਼ ਪੜ੍ਹਨ ਲਈ ਜਾ ਰਿਹਾ ਹਾਂ। ਜਿਸ ਨੂੰ ਆਪਣੀ ਤੇ ਆਪਣੇ ਬਾਲ ਬੱਚੇ ਦੀ ਸੁਖ ਨਾ ਲੋੜੀਂਦੀ ਹੋਵੇ, ਉਹ ਮੈਨੂੰ ਆ ਕੇ ਰੋਕੇ। ਕੁਰੈਸ਼ੀ ਇਸ ਸੂਰਮੇ ਕੋਲੋਂ ਡਰ ਗਏ ਅਤੇ ਕਈ ਮੁਸਲਮਾਨ ਇਸ ਖ਼ਬਰ ਨੂੰ ਸੁਣ ਕੇ ਦੇਸ ਤੋਂ ਆਪਣੇ ਘਰੀਂ ਮੁੜ ਆਏ। ਭਾਵੇਂ ਉਮਰ ਦੇ ਮੁਸਲਮਾਨ ਹੋਣ ਨੇ ਇਸਲਾਮ ਵਿਚ ਕੁਝ ਤਾਕਤ ਪੈਦਾ ਕਰ ਦਿੱਤੀ ਸੀ ਪਰ ਇਸੇ ਹੀ ਸਾਲ ਮੁਹੰਮਦ ਸਾਹਿਬ ਦੀ ਨੇਕ ਇਸਤਰੀ ਖ਼ਦੀਜਾ ਅਤੇ ਉਸ ਦਾ ਚਾਚਾ ਅਬੂਤਾਲਬ ਦੋਵੇਂ ਸਰੀਰ ਛੱਡ ਗਏ।

ਅਬੂਤਾਲਬ ਦੇ ਮਰਨ ਮਗਰੋਂ ਕੁਰੈਸ਼ੀਆਂ ਨੇ ਮੁਹੰਮਦ ਸਾਹਿਬ ਨੂੰ ਬਹੁਤ ਤੰਗ ਕਰਨਾ ਸ਼ੁਰੂ ਕਰ ਦਿੱਤਾ ਅਤੇ ਉਹ ਤੰਗ ਆ ਕੇ ਮੱਕੇ ਨੂੰ ਛੱਡ ਕੇ ਤਾਇਫ਼ ਚਲੇ ਗਏ। ਉਥੇ ਸਕੀਫ਼ ਕਬੀਲੇ ਦਿਆਂ ਲੋਕਾਂ ਨੇ ਜਦ ਇਸ ਦਾ ਪ੍ਰਚਾਰ ਸੁਣਿਆ ਤਾਂ ਇਸ ਨੂੰ ਇੱਟਾਂ, ਪੱਥਰ ਮਾਰ ਕੇ ਸ਼ਹਿਰ ਵਿਚੋਂ ਕੱਢ ਦਿੱਤਾ। ਜਦ ਇਹ ਤਾਇਫ਼ ਤੋਂ ਵਾਪਸ ਮੁੜੇ ਤਾਂ ਆਪਣੇ ਪੈਰਾਂ ਦੀਆਂ ਤਲੀਆਂ ਦਾ ਲਹੂ ਪੂੰਝਦੇ ਜਾਂਦੇ ਸਨ। ਬਾਹਰ ਆ ਕੇ ਇਕ ਖਜੂਰਾਂ ਦੇ ਝੁੰਡ ਥੱਲੇ ਬਹਿ ਕੇ ਪਰਮੇਸ਼ਰ ਅੱਗੇ ਬੜੀ ਅਧੀਨਗੀ ਨਾਲ ਪ੍ਰਾਰਥਨਾ ਕੀਤੀ ਕਿ ਤੂੰ ਐਸ ਬਿਪਤਾ ਸਮੇਂ ਆਪਣੇ ਭਗਤ ਦੀ ਸਹਾਇਤਾ ਕਰ। ਜਦ ਮੱਕੇ ਵਿਚ ਇਸ ਗੱਲ ਦਾ ਪਤਾ ਲੱਗਾ ਕਿ ਤਾਇਫ਼ ਵਾਲਿਆਂ ਨੇ ਮੁਹੰਮਦ ਸਾਹਿਬ ਨੂੰ ਧੱਕੇ ਮਾਰ ਕੇ ਸ਼ਹਿਰੋਂ ਕੱਢ ਦਿੱਤਾ ਹੈ ਤਾਂ ਮੱਕੇ ਵਿਚ ਉਸ ਨੂੰ ਕੋਈ ਵੀ ਆਪਣੇ ਪਾਸ ਠਹਿਰਾਉਣ ਨੂੰ ਤਿਆਰ ਨਾ ਹੋਇਆ।

ਮੁਹੰਮਦ ਸਾਹਿਬ ਨੇ ਅਬੂਬਕਰ ਦੀ ਧੀ ਆਇਸ਼ਾ ਨਾਲ ਨਿਕਾਹ ਕਰ ਲਿਆ। ਇਨ੍ਹਾਂ ਦਿਨਾਂ ਵਿਚ ਹੀ ਮਦੀਨੇ ਦੇ ਛੇ ਆਦਮੀ ਵਪਾਰ ਲਈ ਮੱਕੇ ਆਏ ਅਤੇ ਮੁਹੰਮਦ ਸਾਹਿਬ ਦਾ ਪ੍ਰਚਾਰ ਸੁਣ ਕੇ ਮੁਸਲਮਾਨ ਹੋ ਗਏ। ਇਨ੍ਹਾਂ ਨੇ ਮਦੀਨੇ ਵਿਚ ਜਾ ਕੇ ਮੁਹੰਮਦ ਸਾਹਿਬ ਦੀ ਬੜੀ ਉਸਤਤ ਕੀਤੀ। ਅਗਲੇ ਸਾਲ ਕੁਝ ਹੋਰ ਆਦਮੀ ਮਦੀਨੇ ਵਿਚੋਂ ਆਏ, ਅਤੇ ਉਨ੍ਹਾਂ ਨੂੰ ਮੁਸਲਮਾਨ ਬਣਾ ਕੇ ਇਹ ਪ੍ਰਣ ਲਿਆ ਗਿਆ :

(1) ਅਸੀਂ ਪਰਮੇਸ਼ਰ ਦੀ ਸਦਰਸ਼ਤਾ ਕਿਸੇ ਹੋਰ ਬੁੱਤ ਨੂੰ ਨਹੀਂ ਦਿਆਂਗੇ

(2) ਚੋਰੀ, ਵਿਕਾਰ, ਝੂਠ, ਠੱਗੀ ਸਦਾ ਲਈ ਛੱਡ ਦਿਆਂਗੇ

(3) ਲੜਕੀਆਂ ਨਹੀਂ ਮਾਰਾਂਗੇ

(4) ਸਦਾ ਹੀ ਪੈਗੰਬਰ ਦਾ ਸਾਥ ਦਿਆਂਗੇ।

ਮੁਹੰਮਦ ਸਾਹਿਬ ਨੇ ਉਨ੍ਹਾਂ ਨਾਲ, ਜਦ ਉਹ ਮਦੀਨੇ ਨੂੰ ਮੁੜਨ ਲੱਗੇ ਤਾਂ ਨਸਬ ਬਿਨ ਅਸੀ ਨਾਮੀਂ ਇਕ ਆਪਣਾ ਪ੍ਰਚਾਰਕ ਰਲਾ ਦਿੱਤਾ, ਜਿਸ ਦੇ ਪ੍ਰਚਾਰ ਨਾਲ ਮਦੀਨੇ ਵਿਚ ਇਸਲਾਮ ਬਹੁਤ ਵਧ ਗਿਆ ਅਤੇ ਮੱਕੇ ਦੇ ਕਈ ਸੌ ਮੁਸਲਮਾਨ ਵੀ ਹਿਜਰਤ ਕਰ ਕੇ ਮਦੀਨੇ ਚਲੇ ਗਏ। ਇਸ ਤਰਾਂ ਮੱਕੇ ਦੀ ਬਹੁਤ ਸਾਰੀ ਵਸੋਂ ਉੱਜੜ ਗਈ ਤੇ ਕੁਰੈਸ਼ਾਂ ਨੇ ਤੰਗ ਆ ਕੇ (ਦਾਰੁਲ ਨਦੋਹ) ਪੰਚਾਇਤ ਘਰ ਵਿਚ ਇਕ ਸਮਾਗਮ ਕਰ ਕੇ ਮੁਹੰਮਦ ਸਾਹਿਬ ਨੂੰ ਕਤਲ ਕਰ ਦੇਣ ਦਾ ਮਤਾ ਪਾਸ ਕੀਤਾ।

ਰਾਤ ਪਈ ਕੁਝ ਕੁਰੈਸ਼ ਉਨ੍ਹਾਂ ਦੇ ਮਕਾਨ ਦੇ ਆਲੇ ਦੁਆਲੇ ਖਲੋ ਗਏ ਕਿ ਜਦ ਮੁਹੰਮਦ ਸਾਹਿਬ ਬਾਹਰ ਆਉਣ ਤਾਂ ਮਾਰ ਦਿਓ । ਪਰ ਮੁਹੰਮਦ ਸਾਹਿਬ ਇਕ ਨੌਕਰ ਦੇ ਰਾਹੀਂ ਪਤਾ ਲੱਗ ਜਾਣ ਕਰਕੇ ਵੇਲੇ ਸਿਰ ਹੀ ਬਾਹਰ ਨਿਕਲ ਗਏ। ਉਨ੍ਹਾਂ ਦੇ ਬਿਸਤਰੇ ਤੇ ਹਜ਼ਰਤ ਅਲੀ ਨੂੰ ਪਿਆ ਵੇਖ ਕੇ ਹੀ ਦੁਸ਼ਮਣ ਪ੍ਰਸੰਨ ਹੁੰਦੇ ਰਹੇ ਕਿ ਉਹ ਅੰਦਰੇ ਹੀ ਹਨ। ਮੁਹੰਮਦ ਸਾਹਿਬ ਪਿਛਵਾੜਿਓਂ ਟੱਪ ਕੇ ਅਬੂਬਕਰ ਦੇ ਘਰ ਪੁੱਜੇ ਤੇ ਉੱਥੋਂ ਦੋਵੇਂ ਜਣੇ ਰਾਤੋ-ਰਾਤ ਭੱਜ ਕੇ ਸੌਰ ਨਾਮੇ ਕੰਦਰਾ ਵਿਚ ਜਾ ਲੁਕੇ। ਪਤਾ ਲੱਗਣ 'ਤੇ ਦੁਸ਼ਮਣਾਂ ਦੀ ਵਾਹਰ ਮਗਰ ਭੱਜੀ ਤੇ ਉਸ ਕੰਦਰਾ ਤੀਕ ਵੀ ਗਈ, ਪਰ ਕੁਝ ਪਤਾ ਨਾ ਲੱਗਣ ਤੇ ਪਿਛਾਂਹ ਮੁੜ ਆਈ। ਮੁਸਲਮਾਨਾਂ ਦੀਆਂ ਕਿਤਾਬਾਂ ਵਿਚ ਇਉਂ ਭੀ ਲਿਖਿਆ ਹੈ ਕਿ ਮੱਕੜੀ ਨੇ ਉਸ ਕੰਦਰਾ ਦੇ ਮੂੰਹ ਉੱਤੇ ਜਾਲਾ ਤਾਣ ਦਿੱਤਾ ਸੀ, ਜਿਸ ਤੋਂ ਕਾਫ਼ਰਾਂ ਨੇ ਜਾਣਿਆ ਕਿ ਇਸ ਕੰਦਰਾ ਵਿਚ ਕੋਈ ਆਦਮੀ ਨਹੀਂ ਵੜਿਆ। ਤਿੰਨਾਂ ਦਿਨਾਂ ਪਿੱਛੋਂ ਮੁਹੰਮਦ ਸਾਹਿਬ ਉਸ ਕੰਦਰਾ ਵਿਚੋਂ ਨਿਕਲੇ ਅਤੇ ਊਠਾਂ 'ਤੇ ਚੜ੍ਹ ਕੇ ਮਦੀਨੇ ਨੂੰ ਚਾਲੇ ਪਾ ਗਏ। ਕੁਝ ਸਮੇਂ ਬਾਦ ਹਜ਼ਰਤ ਅਲੀ ਵੀ ਉਥੇ ਪੁੱਜ ਗਏ। ਮਦੀਨੇ ਦੇ ਲੋਕਾਂ ਨੇ ਇਨ੍ਹਾਂ ਦੀ ਬੜੀ ਆਓ-ਭਗਤ ਕੀਤੀ। ਹਰ ਇਕ ਇਹੋ ਲੋੜਦਾ ਸੀ ਕਿ ਮੇਰੇ ਘਰ ਠਹਿਰਨ। ਮੁਹੰਮਦ ਸਾਹਿਬ ਨੇ ਆਪਣੀ ਊਠਣੀ ਦੀ ਮੁਹਾਰ ਛੱਡ ਦਿੱਤੀ ਤੇ ਕਿਹਾ ਕਿ ਜਿਥੇ ਇਹ ਠਹਿਰੇਗੀ, ਉਥੇ ਹੀ ਰਹਾਂਗੇ। ਊਠਣੀ ਅਬੀ ਅਯੂਬ ਅਨਸਾਰੀ ਦੇ ਘਰ ਦੇ ਸਾਹਮਣੇ ਜਾ ਕੇ ਠਹਿਰੀ। ਇਥੇ ਹੀ ਮੁਹੰਮਦ ਸਾਹਿਬ ਨੇ ਸਭ ਤੋਂ ਪਹਿਲੀ ਮਸੀਤ ਬਣਵਾਈ ਅਤੇ ਪ੍ਰਚਾਰ ਦਾ ਕੰਮ ਜ਼ੋਰ-ਸ਼ੋਰ ਨਾਲ ਆਰੰਭ ਦਿੱਤਾ। ਅਗਲੇ ਸਾਲ ਆਪਦੀ ਸਪੁੱਤਰੀ ਫ਼ਾਤਿਮਾ ਦਾ ਨਿਕਾਹ ਹਜ਼ਰਤ ਅਲੀ ਨਾਲ ਹੋਇਆ। ਨਿਕਾਹ ਦੀਆਂ ਰਸਮਾਂ ਬੜੀਆਂ ਸਾਦੀਆਂ ਕੀਤੀਆਂ ਗਈਆਂ ਅਤੇ ਲੜਕੀ ਨੂੰ ਇਹ ਦਾਜ ਦਿੱਤਾ ਗਿਆ। ਦੋ ਹਥਿਆਰ, ਇਕ ਚੱਕੀ, ਦੋ ਮਿੱਟੀ ਦੇ ਘੜੇ, ਇਕ ਮਿੱਟੀ ਦਾ ਲੋਟਾ ਅਤੇ ਇਕ ਬਿਸਤਰਾ।

ਮੁਹੰਮਦ ਸਾਹਿਬ ਦੇ ਘਰ ਵਿਚ ਵਰਤੋਂ ਦੀਆਂ ਚੀਜ਼ਾਂ ਭੀ ਬੜੀਆਂ ਥੋੜੀਆਂ ਅਤੇ ਸਾਦੀਆਂ ਹੁੰਦੀਆਂ ਸਨ। ਬੀਬੀ ਆਇਸ਼ਾ ਲਿਖਦੀ ਹੈ, "ਅਸੀਂ ਮਹੀਨਿਆਂ ਬੱਧੀ ਚੁੱਲ੍ਹੇ ਵਿਚ ਅੱਗ ਨਹੀਂ ਬਾਲਦੇ ਅਤੇ ਮੇਰੇ ਪਤੀ ਖਜੂਰਾਂ ਖਾ ਕੇ ਤੇ ਪਾਣੀ ਪੀ ਕੇ ਡੰਗ ਟਪਾ ਲੈਂਦੇ ਹਨ। ਜੇ ਕੋਈ ਸੱਜਣ ਸਾਡੇ ਘਰ ਮਾਸ ਘੱਲ ਦੇਵੇ ਤਾਂ ਅਸੀਂ ਉਸਨੂੰ ਰਿੰਨ੍ਹ ਲੈਂਦੇ ਹਾਂ। ਜੇ ਰੋਟੀ ਦਾ ਆਟਾ ਮਿਲ ਜਾਏ ਤਾਂ ਪੱਕਦੀ ਹੈ ਨਹੀਂ ਤਾਂ ਮਾਸ ਹੀ ਖਾ ਛੱਡਦੇ ਹਾਂ। ਮੁਹੰਮਦ ਸਾਹਿਬ ਬਹੁਤੀ ਵਾਰੀ ਜੌਂ ਦੀ ਰੋਟੀ ਖਾਇਆ ਕਰਦੇ ਸਨ ਤੇ ਕਦੀ-ਕਦੀ ਊਠਣੀ ਦਾ ਦੁੱਧ ਪੀਂਦੇ ਸਨ। ਆਪਣੇ ਘਰ ਵਿਚ ਝਾੜੂ ਆਪ ਦਿੰਦੇ, ਅੱਗ ਆਪ ਬਾਲਦੇ ਤੇ ਆਪਣੇ ਕੱਪੜੇ ਆਪ ਸੀਉਂਦੇ ਸਨ। ਮੁਹੰਮਦ ਸਾਹਿਬ ਨੇ ਸਹਿਜੇ-ਸਹਿਜੇ ਲੋਕਾਂ ਵਿਚ ਪ੍ਰਚਾਰ ਕੀਤਾ ਅਤੇ ਮਦੀਨੇ ਦੇ ਕੁਲ ਵਾਸੀਆਂ ਨੂੰ ਜਮ੍ਹਾਂ ਕਰ ਕੇ, ਜਿਨ੍ਹਾਂ ਵਿਚੋਂ ਕੁਝ ਯਹੂਦੀ ਤੇ ਕੁਝ ਈਸਾਈ ਸਨ, ਇਕ ਨਿਯਮ-ਪੱਤਰ ਲਿਖਿਆ ਕਿ ਤੁਸੀਂ ਸਾਰੇ ਆਪਣੇ ਆਪ ਨੂੰ ਇਕ ਕੌਮ ਸਮਝੋ ਅਤੇ ਜੇ ਕੋਈ ਇਕ ਦਾ ਵੈਰੀ ਹੋਵੇ ਤਾਂ ਸਾਰੇ ਉਸਦੇ ਨਾਲ ਲੜੋ। ਇਧਰ ਕੁਰੈਸ਼ਾਂ ਨੇ ਜਥੇਬੰਦੀ ਕਰ ਕੇ ਮਦੀਨੇ ਤੇ ਹੱਲਾ ਬੋਲ ਦਿੱਤਾ ਪਰ ਮਦੀਨੇ ਵਾਲਿਆਂ ਦੇ ਸਾਂਝੇ ਬਲ ਦੇ ਸਾਹਮਣੇ ਕੁਝ ਪੇਸ਼ ਨਾ ਗਈ। ਮੱਕੇ ਵਾਲਿਆਂ ਨੂੰ ਹਾਰ ਹੋਈ ਤੇ ਉਨ੍ਹਾਂ ਦਾ

ਸੈਨਾਪਤੀ ਅਬੂਜੇਹਲ ਮਾਰਿਆ ਗਿਆ। ਇਸ ਲੜਾਈ ਦਾ ਨਾਮ 'ਜੰਗੇ-ਬਦਰ' ਹੈ। ਕੁਰੈਸ਼ ਇਸ ਲੜਾਈ ਵਿਚ ਹਾਰ ਖਾ ਕੇ ਫੇਰ ਇਕੱਠੇ ਹੋਏ ਅਤੇ ਸਮਾਂ ਪਾ ਕੇ ਅਬੂਸਫ਼ਿਆਨ ਨੂੰ ਆਪਣਾ ਸੈਨਾਪਤੀ ਬਣਾਇਆ ਤੇ ਤਿੰਨ ਹਜ਼ਾਰ ਸਿਪਾਹੀ ਲੈ ਕੇ ਮਦੀਨੇ ਦੇ ਲਾਗੇ ਅਹਿਮ ਨਾਮੇ ਪਹਾੜੀ ਤੇ ਡੇਰਾ ਜਾ ਜਮਾਇਆ। ਮੁਸਲਮਾਨ ਵੀ ਲੜਨ ਵਾਸਤੇ ਆਏ। ਘੋਰ ਸੰਗਰਾਮ ਹੋਇਆ ਅਤੇ ਇਸਲਾਮ ਪੱਖੀ ਪ੍ਰਸਿੱਧ ਜੋਧਾ ਅਮੀਰ ਹਮਜ਼ਾ ਮਾਰਿਆ ਗਿਆ। ਮੁਹੰਮਦ ਸਾਹਿਬ ਦੇ ਚਿਹਰੇ 'ਤੇ ਵੀ ਇਕ ਤੀਰ ਲੱਗਾ ਅਤੇ ਪੱਥਰ ਨਾਲ ਉਨ੍ਹਾਂ ਦੇ ਦੋ ਦੰਦ ਵੀ ਟੁੱਟ ਗਏ ਤੇ ਮੁਸਲਮਾਨਾਂ ਨੂੰ ਹਾਰ ਹੋਈ। ਇਸ ਲੜਾਈ ਵਿਚ ਯਹੂਦੀਆਂ ਨੇ ਮੁਸਲਮਾਨਾਂ ਨਾਲ ਦਗ਼ਾ ਕੀਤਾ, ਜਿਸ ਦੇ ਬਦਲੇ ਉਨ੍ਹਾਂ ਨੂੰ ਦੰਡ ਦੇ ਕੇ ਮਦੀਨੇ ਵਿਚੋਂ ਕੱਢ ਦਿੱਤਾ ਗਿਆ। ਇਸ ਦੇ ਬਾਦ ਤੀਜੀ ਲੜਾਈ ਫਿਰ ਹੋਈ, ਜਿਸ ਨੂੰ 'ਖ਼ੰਦਕ ਦੀ ਲੜਾਈ' ਕਹਿੰਦੇ ਹਨ। ਇਸ ਵਿਚ ਕੁਰੈਸ਼ਾਂ ਨੂੰ ਹਾਰ ਹੋਈ। ਇਸੇ ਸਾਲ ਹੀ ਮੁਹੰਮਦ ਸਾਹਿਬ ਨੇ ਆਪਣੇ ਚਾਰ ਪ੍ਰਚਾਰਕਾਂ ਨੂੰ ਈਰਾਨ, ਰੂਮ, ਹਬਸ਼ ਤੇ ਯਮਨ (ਈਰਾਨ ਦਾ ਇਕ ਸੂਬਾ) ਦੇ ਬਾਦਸ਼ਾਹਾਂ ਪਾਸ ਆਪਣੇ ਮੱਤ ਦਾ ਸੰਦੇਸ਼ਾ ਦੇ ਕੇ ਭੇਜਿਆ, ਜਿਸ ਦੇ ਸ਼ਬਦ ਇਹ ਸਨ: "ਇਹ ਖ਼ਤ ਮੁਹੰਮਦ ਦਾ ਹੈ, ਜੋ ਕਿ ਖ਼ੁਦਾ ਦਾ ਬੰਦਾ ਤੇ ਉਸ ਦਾ ਪੈਗੰਬਰ ਹੈ, ਫਲਾਣੇ ਬਾਦਸ਼ਾਹ ਨੂੰ ਮਾਲੂਮ ਹੋਵੇ ਕਿ ਈਸ਼ਵਰ-ਏਕਤਾ ਦੇ ਮੱਤ ਨੂੰ ਧਾਰਨ ਕਰੇ, ਮੈਂ ਤੁਹਾਨੂੰ ਇਸ ਮੱਤ ਵੱਲ ਸੱਦਦਾ ਹਾਂ, ਜੇ ਇਸ ਉੱਤੇ ਵਿਸ਼ਵਾਸ ਕਰੋਗੇ ਤਾਂ ਦੁਨੀਆਂ ਵਿਚ ਸੁਖੀ ਹੋ ਜਾਓਗੇ।" ਈਰਾਨ ਤੇ ਯਮਨ ਦੇ ਬਾਦਸ਼ਾਹਾਂ ਨੇ ਪ੍ਰਚਾਰਕਾਂ ਦਾ ਬੜਾ ਨਿਰਾਦਰ ਕੀਤਾ, ਬਾਕੀ ਦਿਆਂ ਦੋਹਾਂ ਨੇ ਮੱਤ ਤਾਂ ਨਾ ਮੰਨਿਆ ਪਰ ਪ੍ਰਚਾਰਕਾਂ ਨੂੰ ਆਦਰ ਦਿੱਤਾ।

'ਖ਼ੰਦਕ ਦੀ ਲੜਾਈ' ਜਿੱਤਣ ਕਰਕੇ ਮੁਸਲਮਾਨਾਂ ਦੀ ਤਾਕਤ ਵੱਧ ਗਈ ਅਤੇ ਮੱਕੇ ਸ਼ਹਿਰ 'ਤੇ ਉਨ੍ਹਾਂ ਦਾ ਕਬਜ਼ਾ ਹੋ ਗਿਆ। ਮੁਹੰਮਦ ਸਾਹਿਬ ਨੇ ਕਾਅਬੇ ਦੀ ਪਰਕਰਮਾ ਕੀਤੀ। ਆਪਣੇ ਹੱਥਾਂ ਨਾਲ 360 ਬੁੱਤ ਢਾਹ ਕੇ ਤੇ ਮੰਦਰ ਦੀਆਂ ਕੰਧਾਂ ਤੋਂ ਬੁੱਤਾਂ ਦੀਆਂ ਤਸਵੀਰਾਂ ਖੁਰਚਵਾ ਕੇ, ਇਬਰਾਹੀਮ ਦੇ ਘਰ ਨੂੰ ਬੁੱਤ-ਪੂਜਾ ਤੋਂ ਪਵਿੱਤਰ ਕੀਤਾ ਤੇ ਆਖ਼ਰ 63 ਵਰ੍ਹੇ ਦੀ ਆਯੂ ਵਿਚ ਨਮੂਨੀਏ ਦੀ ਬੀਮਾਰੀ ਨਾਲ ਚਲਾਣਾ ਕਰ ਗਏ।

ਪ੍ਰਸ਼ਨ

1. ਮੁਹੰਮਦ ਸਾਹਿਬ ਤੋਂ ਪਹਿਲਾ ਅਰਬ ਦੀ ਹਾਲਤ ਕਿਹੋ ਜਿਹੀ ਸੀ?
2. ਮੁਹੰਮਦ ਸਾਹਿਬ ਦੇ ਪਰਿਵਾਰ ਬਾਰੇ ਦੱਸੋ।
3. ਮੁਹੰਮਦ ਸਾਹਿਬ ਨੇ ਕਿਹੜਾ ਧਰਮ ਸ਼ੁਰੂ ਕੀਤਾ ?
4. ਉਮਰ' ਕਿਵੇਂ ਮੁਸਲਮਾਨ ਬਣਿਆ?
5. ਮੁਹੰਮਦ ਸਾਹਿਬ ਹਰ ਨਵੇਂ ਆਦਮੀ ਤੋਂ ਮੁਸਲਮਾਨ ਬਣਾ ਕੇ ਕੀ ਪ੍ਰਣ ਲੈਂਦੇ ਸਨ?
6. ਜੰਗੇ ਬਦਰ' ਕੀ ਹੈ?
7. ਖੰਦਕ ਦੀ ਲੜਾਈ' ਤੋਂ ਬਾਅਦ ਮੁਹੰਮਦ ਸਾਹਿਬ ਨੂੰ ਕੀ ਪ੍ਰਾਪਤ ਹੋਇਆ?
8. ਮੁਸਲਮਾਨ ਧਰਮ ਨੂੰ ਸਥਾਪਿਤ ਕਰਨ ਲਈ ਮੁਹੰਮਦ ਸਾਹਿਬ ਨੂੰ ਕਿਹੜੀਆਂ-2 ਔਕੜਾਂ ਦਾ ਸਾਹਮਣਾ ਕਰਨਾ ਪਿਆ?

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵਿਵਹਾਰਕ ਪੱਖ

ਪ੍ਰੀਤਮ ਸਿੰਘ ਕਵੀ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਨ ਆਕਰਸ਼ਕ ਅਤੇ ਲਾ-ਮਿਸਾਲ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਦੇ ਜੀਵਨ ਵਿਚ ਪ੍ਰਵੇਸ਼ ਨਾਲ ਹੀ ਉਨ੍ਹਾਂ ਦੀ ਜਨਮ ਨਗਰੀ ਤੋਂ ਬੇਕਿਰਕ ਤੇ ਬੇਤਰਸ ਬਰਤਾਨਵੀ ਸਰਕਾਰ ਦੀ ਪੁਲਿਸ ਚੌਂਕੀ ਨੂੰ ਡੇਰਾ ਡੰਡਾ ਚੁੱਕਣਾ ਪਿਆ। ਇਹ ਪ੍ਰਤਾਪ-ਸੂਰਜ ਜਿਉਂ-ਜਿਉਂ ਜ਼ਿੰਦਗੀ ਦੀਆਂ ਪ੍ਰਭਾਤਾਂ ਨੂੰ ਨਵੀਂ ਲਾਲੀ ਦਿੰਦਾ ਗਿਆ, ਤਿਉਂ-ਤਿਉਂ ਇਸ ਦੀ ਪ੍ਰਚੰਡਤਾ ਨੇ ਦੁਸ਼ਟਾਂ ਨੂੰ ਸੇਕ ਤੇ ਭਲੇ ਲੋਕਾਂ ਨੂੰ ਨਿੱਘ ਪਹੁੰਚਾਇਆ। ਸੋਲਾਂ ਸਾਲਾ ਅੱਲ੍ਹੜ ਉਮਰੇ ਨਾਮਧਾਰੀਆਂ ਵਰਗੇ ਵਿਦੇਸ਼ੀ ਸਰਕਾਰ ਵਿਰੋਧੀ ਸਮਾਜ ਦੀ ਵਾਗਡੋਰ ਸੰਭਾਲਣੀ ਕੋਈ ਸਾਧਾਰਨ ਖੇਡ ਨਹੀਂ ਸੀ। ਕਮਾਲ ਦੀ ਦੂਰਦਰਸ਼ਤਾ, ਸਿਰੇ ਦੇ ਸਿਰੜ, ਫ਼ੌਲਾਦੀ ਵਿਸ਼ਵਾਸ, ਸਾਗਰ ਜਿਹੀ ਹਿਰਦੇ ਵਿਸ਼ਾਲਤਾ ਅਤੇ ਅਤਿ ਮਿਲਾਪੜੀ ਤਬੀਅਤ ਨੇ ਦੋਸਤ-ਦੁਸ਼ਮਣ ਸਭ ਦੇ ਮੂੰਹੀਂ ਉਂਗਲਾਂ ਪੁਆ ਦਿੱਤੀਆਂ। ਹਰ ਕੋਈ ਇਸ ਬਾ-ਕਮਾਲ ਸ਼ਖ਼ਸੀਅਤ ਦਾ ਜਾਦੂ ਮੰਨਦਾ ਸੀ ।

ਸਤਿਗੁਰੂ ਪ੍ਰਤਾਪ ਸਿੰਘ ਜੀ ਸਾਡੇ ਪਾਸ ਬੀਤੇ ਸਤਿਗੁਰੂਆਂ ਦੀ ਜਿਉਂਦੀ ਜਾਗਦੀ ਮਿਸਾਲ ਸਨ। ਅਸਾਂ ਉਨ੍ਹਾਂ ਦੇ ਕਿਰਦਾਰ ਤੋਂ ਪਹਿਲੇ ਸਤਿਗੁਰੂਆਂ ਦੇ ਜੀਵਨ ਵਿਚ ਝਾਤ ਪਾਈ। ਤਿਰਵੰਜਾ ਸਾਲ ਦੀਨ ਦਿਆਲ ਜੀ ਨੇ ਨਾਮਧਾਰੀ ਜਗਤ ਦੀ ਰਾਹਨੁਮਾਈ ਕੀਤੀ, ਰਾਜਨੀਤਕ ਮੈਦਾਨ ਵਿੱਚ ਰਾਜਸੀ ਖਿਡਾਰੀਆਂ ਨੂੰ ਮਿਲੇ- ਪ੍ਰਭਾਵਿਤ ਕੀਤਾ, ਪ੍ਰੇਮ ਲਿਆ, ਸਾਥ ਦਿੱਤਾ। ਬਿਨਾਂ ਸੰਕੋਚ, ਬੇਗਰਜ਼ ਸਹਾਇਤਾ ਕੀਤੀ। ਪਹਿਲੇ ਸਤਿਗੁਰੂਆਂ ਵਾਲੀਆਂ ਸਾਰੀਆਂ ਰਵਾਇਤਾਂ ਨੂੰ ਸੁਰਜੀਤ ਰੱਖਿਆ। ਉਨ੍ਹਾਂ ਸਮਾਜ ਸੁਧਾਰ ਦੇ ਦ੍ਰਿੜ੍ਹਤਾ ਨਾਲ ਕੁਝ ਫ਼ੈਸਲੇ ਲਏ ਤੇ ਹਰ ਪੱਖੋਂ ਉਨ੍ਹਾਂ ਨੂੰ ਕਾਇਮ ਰੱਖਿਆ। ਉਨ੍ਹਾਂ ਦੇਸ਼ ਉਸਾਰੀ ਵਿਚ ਉੱਘਾ ਹਿੱਸਾ ਪਾਇਆ ਤੇ ਸਰਕਾਰੀ ਅਧਿਕਾਰੀਆਂ ਨੂੰ ਸਪੱਸ਼ਟ ਦੱਸ ਦਿੱਤਾ ਕਿ ਥੋੜ੍ਹੇ ਵਿਚ ਬਹੁਤਾ ਕੁਝ ਕਿਵੇਂ ਕੀਤਾ ਜਾ ਸਕਦਾ ਹੈ। ਆਰਥਿਕ ਪੱਖੋਂ ਉਨ੍ਹਾਂ ਨਾਮਧਾਰੀ ਜਨਤਾ ਨੂੰ ਪਹਿਲੇ ਸਮਿਆਂ ਤੋਂ ਕਿਤੇ ਉਚੇਰਿਆਂ ਕਰ ਦਿੱਤਾ। ਜੀਵਨ ਨਗਰ ਇਲਾਕੇ ਨੂੰ ਆਬਾਦ ਕਰਾ ਕੇ ਉਨ੍ਹਾਂ ਪਹਿਲੇ ਸਮੂਹ ਸਤਿਗੁਰੂਆਂ ਦੇ ਸਿੱਖਾਂ ਸੰਬੰਧੀ ਪ੍ਰੇਮ ਅਤੇ ਜ਼ਿੰਮੇਵਾਰੀਆਂ ਨੂੰ ਅਗਾਂਹ ਵਧਾ ਕੇ ਵਿਖਾਇਆ।

ਉਨ੍ਹਾਂ ਦੇ ਜੀਵਨ ਦੇ ਵੱਖ ਵੱਖ ਪੱਖਾਂ 'ਤੇ ਕੁਝ ਕਹਿਣਾ ਜਾਂ ਲਿਖਣਾ ਤਾਂ ਬਹੁਤ ਵੱਡਾ ਕੰਮ ਹੈ ਬਹੁਤ ਵੱਡੇ ਤੇ ਲੱਖਾਂ ਆਦਮੀਆਂ ਤੇ ਰੂਹਾਨੀ ਪ੍ਰਭਾਵ ਪਾਉਣ ਵਾਲੇ ਸਤਿਗੁਰੂ ਜੀ ਜ਼ਿੰਦਗੀ ਨੂੰ ਜਿੰਨਾ ਸਪੱਸ਼ਟ ਵੇਖ ਸਕੇ, ਏਨਾ ਹੋਰ ਕੋਈ ਵਿਰਲਾ ਹੀ ਤੱਕ ਸਕਿਆ। ਆਪਣੇ ਇਸ ਪੱਖ ਦੀ ਪੁਸ਼ਟੀ ਲਈ ਮੈਂ ਕੁਝ ਕੁ ਉਦਾਹਰਣਾਂ ਦੇਣਾ ਚਾਹਾਂਗਾ ਤਾਂ ਕਿ ਅਸੀਂ ਆਪਣੇ ਸਮੇਂ ਦੇ ਮਹਾਨ ਸਤਿਗੁਰੂ ਦੀ ਨੂੰ ਥੋੜ੍ਹਾ-ਬਾਹਲਾ ਸਮਝ ਸਕੀਏ ।

ਸਤਿਗੁਰੂ ਜੀ ਨੇ ਧਰਮ-ਕਰਮ ਨੂੰ ਏਨਾ ਆਡੰਬਰਹੀਣ ਰੱਖਿਆ ਤੇ ਰਖਾਇਆ ਕਿ ਇਹ ਵੀ ਸਾਦਗੀ ਨਾਲ ਸਾਰੇ ਮਨੁੱਖਾ ਜੀਵਨ ਤੇ ਆਪਣਾ ਪ੍ਰਭਾਵ ਪਾ ਸਕੇ, ਪਰ ਜ਼ਿੰਦਗੀ ਦੀ ਜਦੋ-ਜ਼ਹਿਦ ਵਿਚ ਇਹ ਰੋਕ ਨਾ ਬਣੇ। ਇਸੇ ਕਾਰਨ ਆਪ ਜੀ ਨੇ ਧਰਮ-ਕਰਮ ਦਾ ਸਮਾਂ ਸੂਰਜ ਦੇ ਚੜ੍ਹਾਅ ਤੋਂ ਪਹਿਲਾਂ ਅਤੇ ਛੁਪਾਅ ਤੋਂ ਪਿੱਛੋਂ ਰੱਖਿਆ। ਜੀਵਨ ਸੰਗਰਾਮ ਵਿਚ ਜੂਝਦੇ ਆਮ ਲੋਕਾਂ ਨੂੰ ਥੋੜ੍ਹੇ ਤੋਂ ਵੱਡਾ ਸਮਾਂ ਇਕਾਂਤ ਬੈਠ ਕੇ ਦੇਣ ਲਈ ਸ੍ਰੀ ਸਤਿਗੁਰੂ ਜੀ ਨੇ ਇਕ ਘੰਟਾ ਨਾਮ ਸਿਮਰਨ ਦੀ ਪਰਿਪਾਟੀ ਚਲਾਈ। ਦੀਨ ਦਿਆਲ ਕਿਹਾ ਕਰਦੇ ਕਿ ਇਕ ਘੰਟੇ ਦੀ ਆਤਮ-ਸਿਮਰਨ ਇਕਾਗਰਤਾ ਸਾਰੇ ਦਿਨ ਲਈ ਪੂੰਜੀ ਦਾ ਕੰਮ ਕਰਦੀ ਹੈ। ਉਹ ਆਪ ਵੀ ਆਸਾ ਦੀ ਵਾਰ ਦਾ ਕੀਰਤਨ, ਆਪਣਾ ਨਿਜ ਦਾ ਨਿਤਨੇਮ ਸੂਰਜ ਦੀ ਟਿੱਕੀ ਨਾਲ ਸਮਾਪਤ ਕਰ ਕੇ ਮੁੜ ਰੋਜ਼ਾਨਾ ਵਿਹਾਰਾਂ ਵਿਚ ਪਰਵਿਰਤ ਹੋ ਜਾਂਦੇ। ਆਪ ਜੀ ਦਾ ਫ਼ੁਰਮਾਨ ਸੀ ਕਿ ਸਿਮਰਨ ਤਾਂ ਪ੍ਰਮੇਸ਼ਰ ਦਾ ਅੱਠੇ ਪਹਿਰ ਸਾਡੇ ਮਨ ਵਿਚ ਹੋਣਾ ਚਾਹੀਦਾ ਹੈ, ਕਿਉਂਕਿ ਇਸੇ ਸਿਮਰਨ ਦੇ ਸਹਾਰੇ ਅਸੀਂ ਜੀਵਨ ਵਿਚ ਵਾਪਰਦੀਆਂ ਘਟਨਾਵਾਂ ਨੂੰ ਦਰੁਸਤ ਨਜ਼ਰ

ਨਾਲ ਵੇਖ ਸਕਦੇ ਹਾਂ, ਪਰ ਸਾਰੇ ਦਿਨ ਦਾ ਭਜਨ-ਬਾਣੀ ਬਿਹੰਗਮਾਂ ਲਈ ਹੀ ਲੋੜੀਂਦਾ ਹੈ, ਜਿਨ੍ਹਾਂ ਨੂੰ ਗ੍ਰਹਿਸਤ ਦੇ ਧੰਧਿਆਂ ਤੋਂ ਨਿਰੀ ਵਿਹਲ ਮਿਲੀ ਹੋਈ ਹੁੰਦੀ ਹੈ।

ਨਾਮਧਾਰੀਆਂ ਦੇ ਸ਼ੁੱਧ ਪਹਿਰਾਵੇ ਵਿਚ ਰਤਾ ਭਰ ਵੀ ਵਾਧੂ ਮੀਨ-ਮੇਖ ਨੂੰ ਆਪ ਪਸੰਦ ਨਹੀਂ ਸਨ ਕਰਦੇ। ਗਲ ਵਿਚ ਲੰਮਾ ਚੋਗਾ, ਸਿਰ ਤੇ ਖਿਲਾਰਵੀਂ ਪੱਗੜੀ ਜਾਂ ਕਾਲੇ ਪੀਲੇ ਉਚੇਚੇ ਬਸਤਰ ਨੂੰ ਆਪ ਦਿਖਾਵਾ ਦੱਸਦੇ ਤੇ ਉਪਦੇਸ਼ ਕਰਦੇ ਕਿ ਆਡੰਬਰ ਏਸ ਯਕੀਨ ਵਿਚੋਂ ਨਿਕਲਦਾ ਹੈ ਕਿ ਦਰਸ਼ਕ ਨੂੰ ਨਜ਼ਰ ਪੈਂਦੀ ਸ਼ਖ਼ਸੀਅਤ ਦੂਜਿਆਂ 'ਚੋਂ ਉਚੇਰੀ ਭਾਸੇ।

ਸ਼ੁਰੂ ਜਵਾਨੀ ਵਿਚ ਭੈਣੀ ਸਾਹਿਬ ਰਹਿੰਦਿਆਂ ਇਕੇਰਾਂ ਮੈਂ ਏਨਾ ਪ੍ਰਭੂ ਲਗਨ ਵਾਲਾ ਬਣ ਗਿਆ ਕਿ ਮੇਰੀ ਕਾਇਆਂ ਅਸਲੋਂ ਕਮਜ਼ੋਰ ਹੋ ਗਈ ਅਤੇ ਇਕ ਫੁੱਟ ਉੱਚੇ ਥੜ੍ਹੇ 'ਤੇ ਚੜ੍ਹਨ ਲਈ ਵੀ ਗੋਡਿਆਂ 'ਤੇ ਹੱਥ ਰੱਖਣਾ ਪੈਂਦਾ। ਸਤਿਗੁਰੂ ਜੀ ਨੇ ਮੇਰੀ ਕਮਜ਼ੋਰੀ ਨੂੰ ਤਾੜ ਕੇ ਬਚਨ ਕੀਤਾ ਕੋਈ ਵੀ ਅਜਿਹੀ ਲਗਨ ਜੀਵਨ ਵਿਚ ਦਰਕਾਰ ਨਹੀਂ ਜੋ ਸਾਨੂੰ ਤੁਰਨੋਂ-ਫਿਰਨੋਂ ਲਾਚਾਰ ਕਰ ਦੇਵੇ। ਜਿਉਂਦੇ ਰਹਿਣ ਤੇ ਕੰਮ ਕਰਨ ਲਈ ਨਰੋਏ ਸਰੀਰ ਤੇ ਨਰੋਏ ਵਿਚਾਰਾਂ ਦੀ ਹਮੇਸ਼ਾ ਲੋੜ ਹੈ। ਉਹਨਾਂ ਸਿੱਖੀ ਦੀ ਮਹਾਨਤਾ ਇਹ ਸ਼ਲੋਕ ਕਹਿ ਕੇ ਵਿਅਕਤ ਕੀਤੀ :

ਨਾਨਕ ਸਤਿਗੁਰਿ ਪੂਰਾ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥

ਸ੍ਰੀ ਜੀਵਨ ਨਗਰ ਕੋਠੀ ਵਿਚ ਬੈਠਿਆਂ ਸ੍ਰੀ ਸਤਿਗੁਰੂ ਜੀ ਮਨੁੱਖਾ ਦੇਹੀ ਦੀ ਉੱਤਮਤਾ ਸਮਝਾ ਰਹੇ ਸਨ। ਆਪ ਨੇ ਕਿਹਾ :

"ਸੰਸਾਰ ਦੀਆਂ ਉੱਤਮ ਤੋਂ ਉੱਤਮ ਚੀਜ਼ਾਂ ਵਿਚੋਂ ਨੰਬਰ ਇਕ ਮਨੁੱਖਾ ਸਰੀਰ ਹੈ।"

ਕੋਲ ਬੈਠੇ ਸੰਤ ਆਲਾ ਸਿੰਘ ਜੀ ਛੇਤੀ ਨਾਲ ਬੋਲ ਉਠੇ :

"ਸੱਚੇ ਪਾਤਸ਼ਾਹ, ਨਾਮ ਤੋਂ ਵੀ?"

ਸਤਿਗੁਰੂ ਜੀ ਫ਼ੈਸਲਾ ਦਿਤਾ, "ਠੀਕ ਨਾਮ ਅਤੀ ਉੱਤਮ ਹੈ, ਪਰ ਜੇ ਸਰੀਰ ਹੀ ਨਾ ਹੋਵੇ ਤਾਂ ਬੰਦਾ ਨਾਮ ਕੀਕੂੰ ਜਪੇ?"

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਰੀਰਕ ਮਹਾਨਤਾ ਨੂੰ ਗੰਭੀਰਤਾ ਨਾਲ ਸਮਝਦਿਆਂ ਹੋਇਆਂ ਹੀ ਕੁਛ ਅਜਿਹੇ ਨਿਯਮ ਜੀਵਨ ਪਰਯੰਤ ਨਿਬਾਹੇ, ਜਿਨ੍ਹਾਂ ਨਾਲ ਉਨ੍ਹਾਂ ਦੀ ਸਰੀਰਕ ਸ਼ਕਤੀ ਨੂੰ ਕਦੇ ਤੋਟ ਨਾ ਆਈ।

ਸ੍ਰੀ ਜੀਵਨ ਨਗਰ ਵਿੱਚ ਹੀ, ਇਕ ਗਰਮੀ ਦੀ ਰੁੱਤੇ, ਦੁਪਹਿਰੇ ਸਾਂਝੇ ਨਿਤਨੇਮ ਤੋਂ ਬਾਅਦ ਮੈਂ ਦੀਨ ਦਿਆਲ ਜੀ ਦੀ ਸੇਵਾ ਵਿਚ ਬੈਠਾ ਸਾਂ ਕਿ ਰਾਣੀਆਂ ਠਾਣੇ ਦੇ ਇਕ ਠਾਣੇਦਾਰ ਨੇ ਪੰਜ ਮਿੰਟ ਲਈ ਦਰਸ਼ਨ ਚਾਹੇ। ਉਸ ਦੇ ਚਲੇ ਜਾਣ ਬਾਅਦ ਸਤਿਗੁਰੂ ਜੀ ਨੇ ਮੈਨੂੰ ਸੰਬੋਧਨ ਕੀਤਾ, "ਇਹ ਠਾਣੇਦਾਰ ਭਲੀ ਗੁਜ਼ਾਰਨ ਵਾਲਾ ਨਹੀਂ, ਸਾਡੇ ਵਾਸਤੇ ਵਿਰੋਧ ਇਸ ਤੋਂ ਅਵੱਸ਼ ਹੋਵੇਗਾ।"

ਤੇ ਅਸੀਂ ਵੇਖਿਆ ਕਿ ਸੱਚਮੁਚ ਹੀ ਇਸ ਨੇ ਕੁਛ ਸਮਾਂ ਨਾਮਧਾਰੀਆਂ ਵਾਸਤੇ ਸਰਕਾਰੀ ਅਧਿਕਾਰਾਂ ਦੀ ਰੱਜ ਕੇ ਕੁਵਰਤੋਂ ਕੀਤੀ।

ਉਹਨਾਂ ਦੀ ਦੂਰ-ਗਾਮੀ ਦ੍ਰਿਸ਼ਟੀ ਤੋਂ ਸਾਊ ਅਤੇ ਸ਼ੈਤਾਨ ਆਪਣੇ ਆਪ ਨੂੰ ਲੁਕਾ ਕੇ ਨਹੀਂ ਰੱਖ ਸਕੇ। ਉਨ੍ਹਾਂ ਦੇ ਵੱਖ-ਵੱਖ ਮਨੁੱਖਾਂ ਦੀਆਂ ਖਸਲਤਾਂ ਬਾਰੇ ਨਿਰਣੇ ਕਦੇ ਗਲਤ ਨਹੀਂ ਹੋਏ।

ਅੱਜ ਦੇ ਸਤਿਗੁਰੂ ਜੀ ਅਤੇ ਸ੍ਰੀ ਮਹਾਰਾਜ ਜੀ ਜਦੋਂ ਅਜੇ ਅਵਾਣੇ ਬਾਲ ਸਨ, ਸ੍ਰੀ ਭੈਣੀ ਸਾਹਿਬ ਡੇਰੇ ਦੇ ਪ੍ਰਬੰਧ ਲਈ ਕਈ ਇਕ ਸੱਜਣ ਸਤਿਗੁਰਾਂ ਨਿਸ਼ਚਿਤ ਕੀਤੇ। ਇਕ ਵਾਰ ਅਧਿਕਾਰ ਦੇ ਕੇ ਸੁਜਾਨ ਸਤਿਗੁਰੂ ਜੀ ਨੇ ਤਦ ਤੱਕ ਵਾਪਸ ਨਾ ਲਏ ਜਦ ਤੱਕ ਜਾਂ ਤੇ ਅਧਿਕਾਰੀ ਨੇ ਖ਼ੁਦ-ਬਖ਼ੁਦ ਛੁੱਟੀ ਦੀ ਬੇਨਤੀ ਨਹੀਂ ਕੀਤੀ ਤੇ ਜਾਂ ਉਹ ਆਪ ਸਤਿਗੁਰੂ ਜੀ ਅੱਗੇ ਝੂਠਾ ਨਹੀਂ

ਪਿਆ।

ਜਦੋਂ ਕਦੇ ਕਿਸੇ ਅਧਿਕਾਰੀ ਦੀਆਂ ਵਧੀਕੀਆਂ ਦਾ ਜ਼ਿਕਰ ਛਿੜਦਾ ਤਾਂ ਸਾਹਿਬ ਫੁਰਮਾਉਂਦੇ-

"ਇਹ ਥਾਂ ਕੋਈ ਛੋਟੀ ਨਹੀਂ। ਏਥੇ ਆ ਕੇ ਅਭਿਮਾਨ ਦਾ ਕਿਣਕਾ ਮਾਤਰ ਵੀ ਪਹਾੜ ਬਣ ਖਲੋਂਦਾ ਹੈ। ਭਜਨ ਬੰਦਗੀ ਕਰਨ ਵਾਲੇ ਪ੍ਰਬੰਧ ਵਿਚ ਭਾਗ ਲੈਣੋ ਸੰਕੋਚ ਕਰਦੇ ਹਨ। ਉਹੋ ਹੀ ਹੁੰਦੇ ਹਨ ਜੋ ਅੰਤਰ ਆਤਮੇ ਦੀ ਵਿਚਾਰ ਕਰਦੇ ਅਤੇ ਵੱਧ ਤੋਂ ਵੱਧ ਨਿਆਉਂ ਦੇ ਸਕਦੇ ਹਨ। ਅਜਿਹੀ ਹਾਲਤ ਵਿਚ ਮੈਂ ਕਿਸੇ ਵੀ ਯੋਗ ਮਨੁੱਖ ਨੂੰ ਪ੍ਰਬੰਧ 'ਤੇ ਲਾ ਕੇ ਭਜਨ ਬਾਣੀ ਕਰਨ ਲਈ ਕਹਿੰਦਾ ਹਾਂ ਤਾਂ ਕਿ ਉਹ ਨਿਰਅਭਿਮਾਨ ਰਹਿ ਕੇ ਸਾਧ ਸੰਗਤ ਦੀ ਸੇਵਾ ਕਰੇ, ਪਰ ਕੰਮ ਕਰਦਿਆਂ ਉਕਾਈਆਂ ਵੀ ਹੋ ਜਾਂਦੀਆਂ ਹਨ। ਚੰਗੇ ਭਲੇ ਮਨੁੱਖ ਦਾ, ਪਦਵੀ ਤੇ ਗਿਆਂ ਅਭਿਮਾਨ ਜੁਆਨ ਹੋ ਖਲੋਂਦਾ ਹੈ। ਜੇ ਨਿੱਕੀਆਂ ਮੋਟੀਆਂ ਉਕਾਈਆਂ ਤੋਂ ਰੋਜ਼ ਤਬਦੀਲੀ ਕਰੀਏ ਤਾਂ ਮੇਰੀ ਗੈਰ-ਮੌਜੂਦਗੀ ਵਿਚ ਆਪਾ-ਧਾਪੀ ਮੱਚੀ ਰਹੇ।

ਇਸ ਪ੍ਰਸੰਗ ਵਿਚ ਉਹਨਾਂ ਨੂੰ ਪਤਾ ਹੁੰਦਾ ਸੀ ਕਿ ਝੂਠਾ ਕੌਣ ਤੇ ਸੱਚਾ ਕਿਹੜਾ ਹੈ, ਪਰ ਕਿਸੇ ਦੀ ਵਿਹਾਰਕ ਯੋਗਤਾ ਨੂੰ ਮੁੱਖ ਰਖਦਿਆਂ ਉਹ ਸੰਪੂਰਨ ਨਿਆਇ ਦੀ ਥਾਂ ਦੋਹਾਂ ਧਿਰਾਂ ਨੂੰ ਵੱਖ-ਵੱਖ ਰਾਜ਼ੀ ਕਰਨ ਦੀ ਕੋਸ਼ਿਸ਼ ਕਰਦੇ।

ਜੀਵਨ ਵਿਚ ਸ੍ਰੀ ਜੀ ਨੂੰ ਲੱਖਾਂ ਹੀ ਲੋਕਾਂ ਨਾਲ ਵਾਸਤਾ ਪਿਆ। ਇਸ ਤਜ਼ਰਬੇ ਵਿਚੋਂ ਉਨ੍ਹਾਂ ਹਰ ਤਰ੍ਹਾਂ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਪੜ੍ਹਿਆ। ਜਦੋਂ ਕਦੇ ਉਹ ਮਨੋਵਿਗਿਆਨਕ ਪੜ੍ਹਤ ਤੋਂ ਅਗਲੇ ਦੇ ਦਿਲ ਦੀ ਗੱਲ ਕਹਿ ਦਿੰਦੇ ਤਾਂ ਕਰਾਮਾਤ ਹੋ ਜਾਂਦੀ। ਸਾਹਮਣੇ ਦਾ ਮਨੁੱਖ ਸ਼ਰਧਾ ਤੇ ਅਦਬ ਨਾਲ ਦੋਬਾਰਾ ਚਰਨਾਂ ਤੇ ਢਹਿੰਦਾ, ਧੰਨ ਧੰਨ ਕਹਿ ਉੱਠਦਾ। ਜਾਣੀ ਜਾਣ ਜੀ ਜ਼ਰਾ ਕੁ ਮੁਸਕਰਾ ਕੇ ਫੁਰਮਾਉਂਦੇ, "ਇਹ ਕਰਾਮਾਤ ਨਹੀਂ, ਇਹ ਤਾਂ ਕਰਤ ਵਿੱਦਿਆ ਹੈ।" ਮੈਂ ਜਾਣਦਾ ਹਾਂ ਕਿ ਤੈਨੂੰ ਇਸ ਵੇਲੇ ਇਹੋ ਕੁਝ ਸੋਚਣ ਨੂੰ ਹੈ।

ਮਨੁੱਖ ਅਤੇ ਇਸਤ੍ਰੀ ਦੇ ਸੁਭਾਵਾਂ ਦੀਆਂ ਖ਼ੂਬੀਆਂ ਅਤੇ ਖ਼ਾਮੀਆਂ ਦਾ ਤੱਤ ਆਪ ਦੇ ਪਾਸ ਸੀ। ਵੇਖਣ ਮਾਤਰ ਨਾਲ ਹੀ ਉਹ ਜਾਣ ਜਾਂਦੇ ਸਨ ਕਿ ਉਨ੍ਹਾਂ ਦੇ ਸਾਹਮਣੇ ਸੱਚ ਕੌਣ ਕਹਿ ਸਕਦਾ ਸੀ ਤੇ ਕਿਸ ਨੂੰ ਸੱਚ-ਝੂਠ ਦੇ ਮਿਲਗੋਭੇ ਦੀ ਜ਼ਰੂਰਤ ਹੈ। ਇਕ ਵਾਰ ਦੀ ਜਾਣੀ ਹੋਈ ਗੱਲ ਨੂੰ ਬਾਰ-ਬਾਰ ਅਜਮਾਉਣ ਦੇ ਚੱਕਰ ਵਿਚ ਉਹ ਨਹੀਂ ਸਨ ਪੈਂਦੇ। ਉਹ ਖ਼ੂਬ ਜਾਣਦੇ ਸਨ ਕਿ ਮਨੁੱਖ ਦਾ ਦੁੱਖ ਕਿੰਨ੍ਹਾਂ ਚੀਜ਼ਾਂ ਤੋਂ ਉੱਠਦਾ ਹੈ ਅਤੇ ਇਹ ਕਿੰਨ੍ਹਾਂ ਕਾਰਨਾਂ ਕਰਕੇ ਕਲਪਦੀ ਹੈ। ਸਤਿਗੁਰੂ ਜੀ ਨੇ ਆਪਣੀ ਜ਼ਿੰਦਗੀ ਵਿਚ ਹਜ਼ਾਰਾਂ ਜੋੜਿਆਂ ਦੇ ਅੰਤਰ-ਦੁਖ ਸੁਣੇ ਅਤੇ ਵਿਵਹਾਰਕ ਪੱਖੋਂ ਦੋਹਾਂ ਜੀਆਂ ਦੇ ਧਰਮ ਨੂੰ ਸਪੱਸ਼ਟ ਕਰ ਕੇ ਉਨ੍ਹਾਂ ਦੀ ਸੁਚੱਜੀ ਅਗਵਾਈ ਕੀਤੀ।

ਬੱਚਿਆਂ ਵਾਸਤੇ ਆਪ ਦਾ ਨਜ਼ਰੀਆ 'ਪਾਂਚ ਬਰਖ ਤਕ ਲਾਡ ਹੈ ਤਾੜਨ ਹੈ ਖਟ ਮਾਹਿ' ਪੰਡਿਤ ਹਰਦਿਆਲ ਦੀ ਨੀਤੀ ਦੇ ਆਲੇ-ਦੁਆਲੇ ਸੀ। ਆਪ ਇਹ ਸਪੱਸ਼ਟ ਕਿਹਾ ਕਰਦੇ ਸਨ ਕਿ ਬਚਪਨ ਹੀ ਉਹ ਧਰਤੀ ਹੈ ਜਿਸ ਵਿਚ ਉੱਚੇ ਵਿਚਾਰਾਂ ਦੇ ਅਤੇ ਸ਼ੁੱਧ ਵਿਹਾਰ ਦੇ ਬੀਜ ਬੋਏ ਜਾ ਸਕਦੇ ਹਨ। ਬਚਪਨ ਦੇ ਪਕਾਏ ਸੰਸਕਾਰ ਉਮਰ ਭਰ ਸਾਥ ਨਹੀਂ ਛੱਡਦੇ। ਇਸ ਲਈ ਬਚਪਨ ਵਿਚ ਚੰਗੀ ਸੰਗਤ ਤੇ ਉੱਦਮੀ ਵਤੀਰਾ ਹਰੇਕ ਮਨੁੱਖ ਨੂੰ ਮਿਲਣੇ ਚਾਹੀਦੇ ਹਨ।

ਮਾਨਵ ਮਾਤਰ ਨੂੰ ਪਿਆਰ ਕਰਨ ਵਾਲੇ ਸਤਿਗੁਰੂ ਜੀ ਨੇ ਆਪਣੇ ਦੋਹਾਂ ਸਾਹਿਬਜ਼ਾਦਿਆਂ ਦੇ ਬਚਪਨ ਵਿਚ ਨਾ ਅੱਖੜਪੁਣਾ ਆਉਣ ਦਿੱਤਾ, ਨਾ ਅਭਿਮਾਨ ਅਤੇ ਨਾ ਹੀ ਨਿਰੰਕੁਸ਼ਤਾ। ਰੋਜ਼ਾਨਾ ਇਸ਼ਨਾਨ, ਭਜਨ ਬਾਣੀ ਦਾ ਪ੍ਰੋਗਰਾਮ ਤਾਂ ਇਕ ਦਿਨ ਵੀ ਢਿੱਲਿਆਂ ਨਹੀਂ ਪੈਣ ਦਿੱਤਾ। ਇਸ ਤੋਂ ਬਿਨਾਂ ਸਾਦਾ ਖਾਣਾ, ਸਾਦਾ ਪਹਿਨਣਾ ਤੇ ਸਾਦਾ ਹੀ ਰਹਿਣਾ ਉਨ੍ਹਾਂ ਨੂੰ ਵਿਰਸੇ ਵਿਚ ਦਿੱਤਾ। ਦਰਸ਼ਕ ਜਾਣਦੇ ਹਨ ਕਿ ਜਦੋਂ ਸ੍ਰੀ ਭੈਣੀ ਸਾਹਿਬ ਨਾਮਧਾਰੀ ਵਿਦਿਆਲਾ ਦੇ ਵਿਦਿਆਰਥੀ ਕਦੇ ਦੀਵਾਨ ਵਿਚ ਆਉਂਦੇ ਤਾਂ ਸਤਿਗੁਰੂ ਜੀ ਦੇ ਦੋਵੇਂ ਸਾਹਿਬਜ਼ਾਦੇ ਵੀ ਉਨ੍ਹਾਂ ਵਿਚ ਅਭੇਦ ਹੋਏ ਹੁੰਦੇ। ਨਿਯਮਾਂ ਦੀ ਪਾਬੰਦੀ ਤੋਂ ਜੇ ਸਾਹਿਬਜ਼ਾਦਿਆਂ ਦਾ ਕੋਈ ਸੇਵਕ ਝਿੜਕਦਾ ਵੀ ਤਾਂ ਦੀਨ ਦਿਆਲ ਜੀ ਉਸ ਨੂੰ ਤਾੜਦੇ ਨਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਥਾਪਤ ਅਜਿਹੇ

ਸੇਵਾਦਾਰ ਅੱਜ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਜਿਉਂ ਕਾ ਤਿਉਂ ਪ੍ਰਵਾਨ ਹਨ ।

ਬਖ਼ਸ਼ਿਸ਼ ਦਾ ਦਰਵਾਜ਼ਾ ਪਤਿਤ ਪਾਵਨ ਜੀ ਨੇ ਸਦਾ ਹੀ ਖੁੱਲ੍ਹਾ ਰੱਖਿਆ। ਅਸੀਂ ਬਚਪਨ ਵਿਚ ਸੋਚਦੇ ਸਾਂ ਕਿ 'ਬਖ਼ਸ਼ਸ਼ ਮੰਗੋ ਤੇ ਮੁਕਤ ਹੋ ਜਾਓ' ਸੋਚ ਕੇ ਬੰਦਾ ਕਦੋਂ ਗੁਨਾਹਾਂ ਤੋਂ ਤੋਬਾ ਕਰਦਾ ਹੈ, ਪਰ ਅਮਲ ਨੇ ਦੱਸਿਆ ਹੈ ਕਿ ਆਪ ਨੇ ਨਾਮਧਾਰੀ ਪੰਥ ਵਿਚ ਮਹਾਨ ਸਤਿਗੁਰਾਂ ਵਾਲੀ ਇਸ ਮਰਯਾਦਾ ਨੂੰ ਪ੍ਰੰਪਰਾ ਦੇ ਤੌਰ 'ਤੇ ਰੱਖ ਕੇ ਡਿਗੂੰ-ਡਿਗੂੰ ਕਰਨ ਵਾਲਿਆਂ ਨੂੰ ਹੋਰ ਦੂਰ ਧੱਕਣ ਦੀ ਥਾਂ ਆਪਣੇ ਘਰ ਨੂੰ ਹੀ ਖਿੱਚਣ ਦੀ ਪ੍ਰੰਪਰਾ ਕਾਇਮ ਰੱਖੀ। ਕੀਤੇ ਦੀ ਸਜ਼ਾ ਤਾਂ ਸਤਿਗੁਰੂ ਦਿੰਦੇ ਹੀ ਸਨ, ਪਰ ਬਖ਼ਸ਼ਿਸ਼ ਦਾ ਦਰ ਖੋਲ੍ਹੀ ਰੱਖਣ ਨਾਲ ਆਪ ਜੀ ਨੇ ਹਜ਼ਾਰਾਂ ਮਨੁੱਖਾਂ ਵਿਚ ਨਵਾਂ ਜੀਵਨ ਸ਼ੁਰੂ ਕਰਨ ਦੀ ਆਸ ਨੂੰ ਕੁਮਲਾਣ ਨਹੀਂ ਦਿੱਤਾ।

ਸਤਿ-ਸਰੂਪ ਸਤਿਗੁਰੂ ਆਪਣੇ ਪਵਿੱਤ੍ਰ ਬਚਨਾਂ ਵਿਚ ਜਾਂ ਨਿਕਟ ਮੰਡਲੀਆਂ ਵਿੱਚ ਅਨੇਕਾਂ ਵਾਰ ਕਿਹਾ ਕਰਦੇ, "ਜੇ ਬੰਦੇ ਦਾ ਵਿਹਾਰ ਸ਼ੁੱਧ ਹੈ ਤਾਂ ਪਰਮਾਰਥ ਵੀ ਸ਼ੁੱਧ ਹੋ ਜਾਵੇਗਾ। ਜਿਸ ਆਦਮੀ ਨੇ ਕਿਸੇ ਨਾਲ ਛਲ ਕਪਟ ਨਹੀਂ ਕਰਨਾ, ਪੈਸਾ ਨਹੀਂ ਮਾਰਨਾ, ਵਾਧਾ ਨਹੀਂ ਕਰਨਾ, ਆਪਣਾ ਵਿਹਾਰ ਸੁੱਚਾ ਰੱਖਣਾ ਹੈ, ਉਸ ਨੂੰ ਕੀ ਡਰ ਪਰਮਾਰਥ ਦੀ ਚਿੰਤਾ ਦਾ। " ਆਪ ਜੀ ਦਾ ਵਿਸ਼ਵਾਸ ਸੀ ਕਿ ਭਜਨ ਬਾਣੀ ਕਰਦਿਆਂ ਅਸੀਂ ਚੰਗੇ ਵਿਹਾਰੀ ਬਣੀਏ ਤਾਂ ਪਰਮਾਰਥ ਸਾਧਿਆ ਹੀ ਪਿਆ ਹੈ। ਪਰਮਾਰਥ ਲਈ ਸੁੱਚਾ ਵਿਹਾਰ ਤੇ ਸੁੱਚੇ ਵਿਹਾਰ ਲਈ ਭਜਨ ਬਾਣੀ, ਇਕ ਅਜਿਹਾ ਚੱਕਰ ਹੈ ਜੋ ਮਨੁੱਖ ਨੂੰ ਆਪ ਤੋਂ ਆਪ ਸੋਧਦਾ ਜਾਂਦਾ ਹੈ ।

ਪਰਮ ਕਿਰਪਾਲੂ ਸਤਿਗੁਰੂ ਜੀ ਨੇ ਵਿਹਾਰਕ ਪੱਖੋਂ ਕਈ ਉਨ੍ਹਾਂ ਮਨੁੱਖਾਂ ਨੂੰ ਵੀ ਗਲ ਨਾਲ ਲਾਇਆ ਹੋਇਆ ਸੀ, ਜਿਨ੍ਹਾਂ ਨੂੰ ਸਾਧਾਰਨ ਸਮਝ ਵਾਲਾ ਆਦਮੀ ਨਫ਼ਰਤ ਕਰਨੋਂ ਨਹੀਂ ਸੰਕੋਚਦਾ। ਪ੍ਰੰਤੂ ਸਤਿਗੁਰੂ ਜੀ ਤਾਂ ਕਈ ਵੇਰ ਕਿਸੇ ਮਨੁੱਖ ਦੇ ਕੇਵਲ ਇਕੋ ਚੁਣਵੇਂ ਗੁਣ ਕਰ ਕੇ ਉਹਦੀ ਕਦਰ ਕਰਦੇ ਸਨ। ਉਹ ਉਸ ਦੀ ਜ਼ਾਤ, ਰੂਪ, ਰੰਗ ਤੇ ਮਾੜਿਆਂ ਮੋਟਿਆਂ ਹੋਣਾ, ਆਸਤਕ ਜਾਂ ਨਾਸਤਕ ਹੋਣਾ ਵੀ ਨਹੀਂ ਤੱਕਦੇ ਸਨ। ਉਹ ਕਿਹਾ ਕਰਦੇ ਕਿ ਨਿਗੁਣਿਆਂ ਨੂੰ ਪਾਲਣ ਵਾਲਾ ਤਾਂ ਹਰੀ ਹੀ ਹੈ, ਉਹ ਤਾਂ ਫੇਰ ਵੀ ਕਿਸੇ ਨਾ ਕਿਸੇ ਪੱਖੋਂ ਕਿਸੇ ਦੇ ਗੁਣ ਦੀ ਕਦਰ ਕਰਦੇ ਹਨ ।

ਇਸ ਵਿਚ ਸ਼ੱਕ ਨਹੀਂ ਕਿ ਗੁਰੂ ਕੇ ਲੰਗਰ ਨੇ ਅਨੇਕਾਂ ਉਹਨਾਂ ਲੋਕਾਂ ਨੂੰ ਜ਼ਿੰਦਗੀ ਭਰ ਪਨਾਹ ਦਿੱਤੀ ਜਿਨ੍ਹਾਂ ਨੂੰ ਉਹਨਾਂ ਦਾ ਆਪਣਾ ਘਰ ਚਾਰ ਦਿਨ ਵੀ ਨਾ ਝੱਲ ਸਕਦਾ।

ਸਤਿਗੁਰੂ ਜੀ ਕਿਸੇ ਬਾਕਾਇਦਾ ਜਾਂ ਬੇ-ਕਾਇਦਾ ਸਕੂਲ 'ਚੋਂ ਨਹੀਂ ਸਨ ਪੜ੍ਹੇ। ਉਹਨਾਂ ਦਾ ਅਨੁਭਵ ਏਨਾ ਅਦੁੱਤੀ ਸੀ ਕਿ ਇਕ ਵਾਰ ਦੀ ਸੁਣੀ ਗੱਲ, ਅੱਖਰ-ਅੱਖਰ ਉਹਨਾਂ ਨੂੰ ਕਦੇ ਨਾ ਭੁੱਲਦੀ । ਕਈ-ਕਈ ਉਦਾਹਰਣ ਉਹ, 60 ਸਾਲ ਤੱਕ ਦੇ ਪੁਰਾਣੇ ਸੁਣੇ ਜਾਂ ਪੜ੍ਹੇ ਹੋਏ ਜਿਉਂ ਕਾ ਕਿਉਂ ਦੁਹਰਾ ਦਿੰਦੇ। ਪੰਜਾਬੀ ਦੇ ਅਧਿਆਪਕ ਨੂੰ ਬਹੁਤ ਕਸ਼ਟ ਨਹੀਂ ਕਰਨਾ ਪਿਆ। ਅੱਖਰ ਗਿਆਨ ਕਰ ਕੇ ਹੀ ਸ੍ਰੀ ਸਤਿਗੁਰੂ ਜੀ ਨੇ ਸੱਤ ਸਾਲ ਦੀ ਉਮਰ ਵਿੱਚ ਗ੍ਰੰਥ ਸਾਹਿਬ ਜੀ ਦਾ ਪਾਠ ਆਰੰਭ ਦਿੱਤਾ। ਪੰਜਾਬੀ ਉਹਨਾਂ ਗੁਰਬਾਣੀ ਦੇ ਪਾਠ ਲਈ ਪੜ੍ਹੀ। ਉਰਦੂ ਦਾ ਅੱਖਰ ਗਿਆਨ ਉਹਨਾਂ ਅਖ਼ਬਾਰ ਪੜ੍ਹਨ ਲਈ ਹਾਂਸਿਲ ਕੀਤਾ। ਅੰਗਰੇਜ਼ੀ ਆਪ ਨੇ ਘੋੜਿਆਂ ਨਾਲ ਸੰਬੰਧਿਤ ਲਿਟਰੇਚਰ ਜਿੰਨੀ ਹੀ ਜਾਣੀ ਤੇ ਹਿੰਦੀ ਦੇ ਵਾਕਿਫ਼ ਆਪ ਇਸ ਸ਼ੌਕ ਨਾਲ ਹੋਏ ਕਿ ਇਸ ਵਿਚ ਚੰਗੀਆਂ ਤੋਂ ਚੰਗੀਆਂ ਪੌਰਾਣਿਕ ਪੁਸਤਕਾਂ ਮਿਲ ਸਕਦੀਆਂ ਸਨ।

ਪਰ ਹਿਸਾਬ? ਇਸ ਦਾ ਉਸਤਾਦ ਕੌਣ ਸੀ? ਇਸ ਦਾ ਉਸਤਾਦ ਹੋਣਾ ਵੀ, ਰੋਜ਼ਾਨਾ ਉਸਾਰੀ ਵਿੱਚ ਲੋੜ ਸੀ। ਰੁਪੈ ਪੈਸੇ ਦੀ ਗਿਣਤੀ ਦਾ ਕਸ਼ਟ ਕਦੇ ਆਪ ਨੇ ਕੀਤਾ ਨਹੀਂ। ਪਰ ਜਿਸ ਹਿਸਾਬ ਦੇ ਸਵਾਲ ਨੂੰ ਹਿਸਾਬਦਾਨ ਕਾਗ਼ਜ਼ਾਂ ਤੇ ਲਿਖ-ਲਿਖ ਵੀ ਭੁੱਲ ਜਾਂਦੇ ਸਨ ਉਹਨੂੰ ਆਪ ਸਹਿਜ ਸੁਭਾਅ, ਚੇਤੇ ਰੱਖੇ ਸਿੱਧੇ ਗੁਰਾਂ(ਤਰੀਕਿਆਂ) ਨਾਲ, ਫੌਰਨ ਦੱਸ ਦਿੰਦੇ।

ਆਪ ਜੀ ਦੇ ਪਸ਼ੂ ਗਿਆਨ ਦੇ ਕਮਾਲ ਨੇ ਤਾਂ ਕੇਂਦਰੀ ਅਤੇ ਰਾਜ ਸਰਕਾਰਾਂ ਦੇ ਸੰਬੰਧਿਤ ਮੰਤਰੀਆਂ ਨੂੰ ਵੀ ਕਾਇਲ ਕਰ ਦਿੱਤਾ। ਇਸ ਵਿੱਚ ਆਪ ਫੇਰ ਵਿਵਹਾਰਕ ਪੱਖੋਂ ਜਿੱਤਦੇ। ਸੁਣੀ ਸੁਣਾਈ ਗੱਲ ਤੇ ਆਪ ਕਦੇ ਇਤਬਾਰ ਨਹੀਂ ਸਨ ਕਰਦੇ। ਤਹਿ

ਤੱਕ ਪਹੁੰਚਣ ਦਾ ਗੰਭੀਰ ਯਤਨ ਕਰਦੇ। ਸ੍ਰੀ ਭੈਣੀ ਸਾਹਿਬ ਜਾਂ ਸ੍ਰੀ ਜੀਵਨ ਨਗਰ ਦੀ ਪਸ਼ੂਸ਼ਾਲਾ ਸੰਬੰਧੀ ਅੰਕੜੇ ਉਹ ਆਪ ਇਕੱਠੇ ਕਰਦੇ ਤੇ ਇਹਨਾਂ ਨੂੰ ਯਾਦ ਰੱਖਦੇ। ਓਨਾ ਪਤਾ ਮਾਲ ਦੀ ਸੰਭਾਲ ਵਾਲਿਆਂ ਨੂੰ ਨਾ ਹੁੰਦਾ ਜਿੰਨਾ ਸਤਿਗੁਰੂ ਜੀ ਤੋਂ ਮਾਲੂਮ ਹੋ ਸਕਦਾ।

ਗਊ ਚੰਦ੍ਰਮਾ ਬਿਮਾਰ ਹੋ ਗਈ। ਸਤਿਗੁਰੂ ਜੀ ਸ੍ਰੀ ਜੀਵਨ ਨਗਰ ਹੀ ਸਨ। ਡਾਕਟਰਾਂ ਲਈ ਜੀਪਾਂ ਕਾਰਾਂ ਦੌੜੀਆਂ, ਦਵਾਈਆਂ ਲਈ ਆਦਮੀ ਭਜਾਏ। ਪਰ ਉਹ ਦੋ ਦਿਨਾਂ ਦੇ ਕਸ਼ਟ ਬਾਦ ਚੱਲ ਹੀ ਵੱਸੀ। ਅਫ਼ਸੋਸ ਕਰਨ 'ਤੇ ਸਤਿਗੁਰਾਂ ਫ਼ਰਮਾਇਆ, "ਉਹਦਾ ਅਫ਼ਸੋਸ ਕਰਨਾ ਵਿਅਰਥ ਹੈ। ਮੇਰੇ ਵਰਗਾ, ਸਾਰੇ ਸਾਧਨਾਂ ਵੱਲੋਂ ਸਮਰੱਥ ਆਦਮੀ ਜੇ ਉਸ ਨੂੰ ਨਹੀਂ ਬਚਾ ਸਕਿਆ, ਤਾਂ ਉਸ ਦਾ ਮਰਨਾ ਅਟੱਲ ਹੋਣੀ ਸੀ।" ਤੇ ਮੈਂ ਫੇਰ ਕਦੇ ਨਹੀਂ ਸੁਣਿਆ ਕਿ ਕਦੇ ਵੀ ਦੀਨ ਦਿਆਲ ਜੀ ਨੇ ਉਸ ਦੇ ਮਰਨ ਦੀ ਚਿੰਤਾ ਕੀਤੀ ਹੋਵੇ।

ਸਤਿਗੁਰੂ ਜੀ ਨੇ ਆਪਣੇ ਸਮੇਂ ਵਿਚ ਲੱਖਾਂ ਰੁਪੈ ਦਾਨ ਵਜੋਂ ਦਿੱਤੇ। ਪਰ ਉਹ ਕਿਸੇ ਵੀ ਅਜੇਹੇ ਮਨੁੱਖ ਨੂੰ ਇਕ ਪਾਈ ਤੱਕ ਦੇਣ ਨੂੰ ਤਿਆਰ ਨਹੀਂ ਸਨ, ਜਿਸ ਨੇ ਕਿਸੇ ਐਬ ਜਾਂ ਬੁਰੀ ਸੁਹਬਤ ਨਾਲ ਧਨ ਨਾਸ ਕੀਤਾ ਹੋਵੇ। ਉਹਨਾਂ ਲੋਕਾਂ ਲਈ ਆਪ ਦੀ ਉਦਾਰਤਾ ਉਮਲ੍ਹ-ਉਮਲ੍ਹ ਪੈਂਦੀ ਸੀ, ਜਿਨ੍ਹਾਂ ਦੀ ਮਿਹਨਤ ਨੂੰ ਫਲ ਨਾ ਲੱਗਦਾ ਹੋਵੇ। ਕ੍ਰਿਪਾ ਦ੍ਰਿਸ਼ਟੀ ਨਾਲ ਆਰ ਬੁਖ਼ਾਰ ਭਰਨੇ ਇਹ ਤਾਂ ਉਨ੍ਹਾਂ ਦੀ ਆਤਮਿਕ ਵਡਿਆਈ ਦੀ ਸਿਫ਼ਤ ਸੀ, ਪਰ ਉਨ੍ਹਾਂ ਨਕਦ ਰਕਮ, ਦਾਣਿਆਂ, ਪਸ਼ੂਆਂ ਅਤੇ ਤੂੜੀ ਪੱਠਿਆਂ ਨਾਲ ਵੀ ਬੇਓੜਕ ਲੋਕਾਂ ਦੀ ਸਹਾਇਤਾ ਕੀਤੀ। ਜਿਸ ਵੇਲੇ ਲੋਕਾਂ ਦੀ ਲਾਚਾਰੀ ਤੋਂ ਰੱਜਵਾਂ ਲਾਭ ਉਠਾਇਆ ਜਾ ਸਕਦਾ ਸੀ, ਉਦੋਂ ਆਪ ਨੇ ਨਿਰਸੰਕੋਚ ਵੰਡਿਆ ਵਰਤਾਇਆ।

ਸਤਿਗੁਰੂ ਜੀ ਨੇ ਦਾਨ ਦੇਣ ਦੀ ਫ਼ਹਿਰਿਸਤ ਵਿਚ ਕੇਵਲ ਨਾਮਧਾਰੀ ਹੀ ਨਹੀਂ ਰੱਖੇ ਸਨ, ਸਗੋਂ ਅਨੇਕਾਂ ਉਨ੍ਹਾਂ ਸੰਸਥਾਵਾਂ, ਸੁਸਾਇਟੀਆਂ, ਸਭਾਵਾਂ ਅਤੇ ਵਿਅਕਤੀਆਂ ਨੂੰ ਸੈਂਕੜੇ ਹਜ਼ਾਰਾਂ ਰੁਪਏ ਦਿੱਤੇ, ਜਿਨ੍ਹਾਂ ਨੂੰ ਉਨ੍ਹਾਂ ਲੋਕ-ਭਲੇ ਵਿਚ ਆਉਣ ਵਾਲੇ ਮਿਥਿਆ। ਸਾਹਿਤਕਾਰ, ਸੰਗੀਤਕਾਰ, ਨੀਤੀਵਾਨ, ਕਿਰਤਵਾਨ ਸਭ ਦੀ ਉਨ੍ਹਾਂ ਅਜਿਹੀ ਦ੍ਰਿਸ਼ਟੀ ਤੋਂ ਤੱਕ ਕੇ ਹੀ ਮਦੱਦ ਕੀਤੀ ਕਿ ਇਹ ਦੇਸ਼ ਅਤੇ ਲੋਕਾਂ ਦੇ ਕੰਮ ਆਉਣ ਵਾਲੇ ਹਨ।

ਅੰਮ੍ਰਿਤਸਰ ਪੰਜਾਬੀ ਦੇ ਲੇਖਕਾਂ ਵਲੋਂ ਇਕ ਸਾਲਾਨਾ ਕਾਨਫਰੰਸ ਹੋਈ। ਉਸ ਵਿਚ ਚੰਗੇ ਵਧੀਆ ਪੰਜਾਬੀ ਪ੍ਰੈਸ ਦੀ ਆਵਾਜ਼ ਉੱਠੀ। ਸ੍ਰੀ ਸਤਿਗੁਰੂ ਜੀ ਨੇ 5000/- ਦੀ ਪਹਿਲ ਕੀਤੀ। ਪਰ ਆਖਿਆ, " ਜੇ ਸਾਰੇ ਸੱਜਣ ਜਤਨ ਕਰਨ ਤਾਂ ਪੰਜਾਬੀ ਪ੍ਰੈਸ ਦੀਆਂ ਸਭੇ ਖ਼ਾਮੀਆਂ ਦਿਨਾਂ ਵਿਚ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ। ਲੋੜ ਤਾਂ ਲਗਨ ਨਾਲ ਕੰਮ ਕਰਨ ਦੀ ਹੈ।"

ਪਰ ਲਗਨ ਨਾਲ ਕੰਮ ਕਰਨ ਵਾਲੇ ਕਿੱਥੋਂ ਮਿਲਣ? ਇਹ ਤਾਂ ਮਿਸਾਲ ਹੀ ਹੈ, ਉਹਨਾਂ ਦੀ ਦੇਣ ਦੀ ਫਹਿਰਿਸਤ ਮੇਰੇ ਇਸ ਲੇਖ ਦਾ ਵਿਸ਼ਾ ਨਹੀਂ।

ਲੋਕਾਂ ਦੀ ਸਹਾਇਤਾ ਕਰਨ ਤੋਂ ਪਹਿਲਾਂ ਆਪ ਆਪਣੀ ਆਮਦਨੀ ਦੇ ਸਰੋਤਾਂ ਨੂੰ ਚੰਗੀ ਤਰ੍ਹਾਂ ਵਿਚਾਰਦੇ। ਨਿਤ ਦਾ ਚੜ੍ਹਾਵਾ ਤਾਂ ਉਨ੍ਹਾਂ ਦੇ ਦੌਰਿਆਂ ਅਤੇ ਲੰਗਰ ਦਾ ਹੀ ਖ਼ਰਚ ਮਸਾਂ ਸਾਰਦਾ ਸੀ। ਧਰਮ ਨੂੰ ਸੰਭਾਲਣ ਲਈ ਆਪ ਨੇ ਵਿਵਹਾਰ ਨੂੰ ਸਦਾ ਸਾਹਵੇਂ ਰੱਖਿਆ। ਘੋੜਿਆਂ ਦੀ ਆਮਦਨ ਜਾਂ ਜ਼ਮੀਨ ਦੀ ਉਪਜ ਵਿਚੋਂ ਪਹਿਲਾਂ ਹੀ ਮਿੱਥ ਲੈਂਦੇ ਕਿ ਇਸ ਰਕਮ 'ਚੋਂ ਏਨੀ ਰਕਮ ਨਾਲ ਐਨੇ ਲੋਕਾਂ ਦੀ ਸਹਾਇਤਾ ਕਰਨੀ ਹੈ ਅਤੇ ਅਜਿਹੇ ਮਣਸਣ ਨੂੰ ਕਦੇ ਆਪ ਪਹਿਲਾਂ ਜ਼ਾਹਰ ਨਾ ਕਰਦੇ। ਰਕਮ ਹੱਥ ਵਿਚ ਆ ਜਾਣ ਨਾਲ ਉਹਦੀ ਵਰਤੋਂ ਪਹਿਲੋਂ ਮਿੱਥੇ ਆਸ਼ੇ ਅਨੁਸਾਰ ਕਰਦੇ।

ਆਪ ਸਦਾ ਹੀ ਕਹਿੰਦੇ - ਸਰੀਰ ਦਾ ਬਸਤਰ ਤਕ ਦਾਨ ਕੀਤਾ ਜਾ ਸਕਦਾ ਹੈ। ਦਾਨੀ ਦੀ ਪ੍ਰੰਪਰਾ ਲਈ ਇਹ ਠੀਕ ਹੈ। ਪਰ ਜੇ ਬੰਦਾ ਸਾਧਨਹੀਣ ਹੋ ਜਾਵੇ ਤਾਂ ਤਨ ਲਈ ਕੱਪੜਾ ਵੀ ਨਹੀਂ ਮਿਲ ਸਕਦਾ, ਫਿਰ ਕੀ ਕਰੇਗਾ? ਦਾਨ ਕਰੋ ਤੇ ਨਾਲ ਹੀ

ਦਾਨ ਦੇ ਸਾਧਨਾਂ ਨੂੰ ਮਜ਼ਬੂਤ ਬਣਾਓ।

ਨਿੱਜੀ ਤਜਰਬੇ ਨੂੰ ਆਪ ਡਾਢੀ ਦ੍ਰਿੜ੍ਹਤਾ ਨਾਲ ਅਪਣਾਉਂਦੇ ਅਤੇ ਪਰਚਾਰਦੇ। ਪਹਿਲਾਂ ਪਹਿਲ ਨਾਮਧਾਰੀ ਪਸ਼ੂਸ਼ਾਲਾ ਵਿਚ ਮਹੀਆਂ ਦਾ ਵੀ ਕਾਫ਼ੀ ਜ਼ੋਰ ਸੀ। ਘਿਉ ਦੇ ਪੱਖੋਂ ਪੰਜਾਬ ਦਾ ਕਿਸਾਨ ਹਮੇਸ਼ਾ ਹੀ ਗਊ ਨਾਲੋਂ ਮੱਝ ਨੂੰ ਤਰਜੀਹ ਦਿੰਦਾ ਆਇਆ ਹੈ। ਪਰ ਸਤਿਗੁਰੂ ਜੀ ਨੇ ਸਾਹੀਵਾਲ ਅਤੇ ਹਰਿਆਣਾ ਨਸਲ ਨੂੰ ਸ੍ਰੀ ਜੀਵਨ ਨਗਰ ਵਿਖੇ, ਖ਼ਾਸ ਧਿਆਨ ਨਾਲ ਉੱਨਤ ਕਰ ਕੇ, ਇਹ ਤੱਤ ਪ੍ਰਗਟ ਕੀਤਾ ਕਿ ਮੱਝਾਂ ਨਾਲੋਂ ਗਊਆਂ ਕਿਸਾਨਾਂ ਨੂੰ ਲਾਹੇਵੰਦੀਆਂ ਹਨ। ਦੁੱਧ, ਘਿਉ, ਨੀਰਾ ਪੱਠਾ, ਚਾਰਾ ਦਾਣਾ ਤੇ ਗੋਹੇ ਵਗੈਰਾ ਦਾ ਵੀ ਸਾਲਾਨਾ ਵਜ਼ਨ ਕਰ ਕੇ ਆਪ ਜੀ ਨੇ ਐਲਾਨ ਕੀਤਾ ਕਿ ਦੋ ਮੱਝਾਂ ਦੇ ਖ਼ਰਚ ਵਿਚ ਤਿੰਨ ਗਊਆਂ ਪਾਲੀਆਂ ਜਾ ਸਕਦੀਆਂ ਹਨ ਤੇ ਉਪਜ ਦੇ ਹਰ ਪੱਖੋਂ ਇਹ ਮੱਝਾਂ ਨਾਲੋਂ ਖਰੀਆਂ ਉਤਰਨਗੀਆਂ। ਇਸ ਤੱਤ ਤੋਂ ਬਾਅਦ ਆਪ ਜੀ ਨੇ ਨਿੱਜੀ ਪਸ਼ੂਸ਼ਾਲਾ ਵਿਚ ਮੱਝਾਂ ਪੈਰ ਪੈਰ ਘਟਾਉਣੀਆਂ ਤੇ ਗਊਆਂ ਨੂੰ ਵਧਾਣਾ ਸ਼ੁਰੂ ਕੀਤਾ ।

ਇਹੋ ਵਿਹਾਰ ਉਨ੍ਹਾਂ ਘੋੜਿਆਂ ਬਾਬਤ ਰੱਖਿਆ। ਰੇਸ ਤੋਂ ਘੋੜਿਆਂ ਦੀ ਆਮਦਨ ਨੂੰ ਘੋੜਿਆਂ ਦੀ ਨਸਲ ਵਧਾਉਣ ਵਿੱਚ ਵਧੇਰੇ ਵੇਖਿਆ। ਰੇਸ ਛੱਡ ਦਿੱਤੀ। ਘਰ ਪਾਲ ਕੇ ਘੋੜੀਆਂ ਦੇ ਵਛੇਰੇ ਵਛੇਰੀਆਂ ਤੋਂ ਆਪ ਨੇ ਲੰਗਰ ਲਈ ਵਾਹਵਾ ਧਨ ਹਾਂਸਿਲ ਕੀਤਾ।

ਅੱਜ ਸੱਚ ਪੁੱਛੋ ਤਾਂ ਪੰਜਾਬ ਵਿਚ, ਆਪ ਦੇ ਉੱਦਮ ਸਦਕਾ ਨਾਮਧਾਰੀ ਪਸ਼ੂਸ਼ਾਲਾ ਅਤੇ ਘੋੜਸ਼ਾਲਾ ਪਹਿਲੇ ਦਰਜੇ ਦੀਆਂ ਪਸ਼ੂ ਉਤਪਾਦਕ ਸ਼ਕਤੀਆਂ ਹਨ ।

ਗਰੀਬ ਨਿਵਾਜ਼ ਸਤਿਗੁਰੂ ਆਪਣੀ ਹਰੇਕ ਆਦਤ ਨੂੰ ਇਸ ਪੱਖੋਂ ਵੇਖਦੇ ਸਨ ਕਿ ਉਹ ਕਿਸੇ ਦੂਜੇ ਲਈ ਬੇਆਰਾਮੀ ਦਾ ਕਾਰਨ ਤਾਂ ਨਹੀਂ ਬਣਦੀ। ਉਸ ਦੇ ਮਨ ਵਿਚ ਵਿਰੋਧਤਾ ਦੀ ਅੱਗ ਤਾਂ ਨਹੀਂ ਭੁੜਕਾਂਦੀ। ਇਸੇ ਕਾਰਨ ਉਨ੍ਹਾਂ ਨੇ ਨਾਮਧਾਰੀ ਸਮਾਜ ਵਿਚ ਤੇ ਹੋਰ ਲੋਕਾਂ ਵਿਚਾਲੇ ਇਕ ਲੀਕ ਮਾਰੀ ਹੋਈ ਸੀ। ਨਾਮਧਾਰੀਆਂ ਵਾਸਤੇ ਫ਼ੌਲਾਦੀ ਡਸਿਪਲਨ ਆਪ ਦੀ ਜ਼ਰੂਰਤ ਸੀ। ਦੀਵਾਨ ਵਿਚ ਜਾਣਾ, ਦੀਵਾਨ ਦੀ ਮਰਯਾਦਾ ਨੂੰ ਸਮਝਣਾ, ਆਦਿ, ਨਾਮਧਾਰੀਆਂ ਵਾਸਤੇ ਹਰ ਪਹਿਲੂ ਲਈ ਚੌਕਸੀ ਦੀ ਲੋੜ ਸੀ, ਪਰ ਗੈਰ-ਨਾਮਧਾਰੀ ਜਿਸ ਰੰਗ ਵਿਚ ਵੀ ਆਪ ਦੇ ਹਜ਼ੂਰ ਜਾਂ ਦੀਵਾਨ ਵਿਚ ਜਾਵੇ, ਉਸ ਲਈ ਉਚੇਚਾ ਸਤਿਕਾਰ ਸੀ। ਸਤਿਗੁਰੂ ਜੀ ਨੂੰ ਅਦਨੇ ਤੋਂ ਅਦਨੇ ਗੈਰ-ਨਾਮਧਾਰੀ ਨਾਲ ਵੀ ਸਿਰੇ ਦੀ ਨਿਮਰਤਾ, ਮਿੱਠਤ ਅਤੇ ਅਦਬ ਵਰਤਦਿਆਂ ਵੇਖਿਆ ਹੈ। ਜਦੋਂ ਉਹ ਕਿਸੇ, ਸਾਡੀ ਨਿਗਾਹ ਵਿਚ ਸਾਧਾਰਨ, ਓਪਰੇ ਵਿਅਕਤੀ ਦੇ ਗੋਡਿਆਂ ਤੱਕ ਝੁਕ ਕੇ ਉਸ ਨੂੰ ਨਮਸਕਾਰ ਕਰਦੇ ਤਾਂ ਸਾਡੇ ਹਿਰਦਿਆਂ ਤੋਂ ਅਭਿਮਾਨ ਦੀ ਮੈਲ ਤਾਂ ਲੱਥਣੀ ਹੀ ਸੀ, ਅਗਲੇ ਪਾਸੇ ਵੀ ਸਾਬਤ ਖਲੋਣ ਦੀ ਦਲੇਰੀ ਮੁੱਕ ਜਾਂਦੀ।

ਹਜ਼ਾਰਾਂ ਲੱਖਾਂ ਮਨੁੱਖ ਸਤਿਗੁਰੂ ਜੀ ਦੀ ਪ੍ਰਥਮ ਮਿਲਣੀ ਨੇ ਮੋਹ ਲਏ ਸਨ। ਆਪ ਫੁਰਮਾਉਂਦੇ, "ਸੱਚੇ ਦਿਲ ਨਾਲ ਕਿਸੇ ਦਾ ਆਦਰ ਕੀਤਿਆਂ, ਕਦੇ ਵੀ ਅਨਾਦਰ ਨਹੀਂ ਹੋ ਸਕਦਾ। ਆਦਰ ਹੀ ਆਦਰ ਦੀ ਮਾਂ ਹੈ। ਆਦਰ ਕਰੋ ਤੇ ਆਦਰ ਲਓ।"

ਉਹ ਕਿੱਡੇ ਉੱਦਮੀ, ਵੱਡੇ ਤੇ ਫ਼ਜ਼ੂਲ ਦੇ ਅਡੰਬਰਾਂ ਤੋਂ ਉੱਚੇ ਸਨ, ਯਾਦ ਕਰ ਕੇ ਕਈ ਵਾਰ ਅਨੰਦ ਵਿਭੋਰ ਹੋ ਜਾਈਦਾ ਹੈ। ਅਨੇਕਾਂ ਵਾਰ ਡਿੱਠਾ ਕਿ ਕਿਸੇ ਪੁਸਤਕ, ਅਖ਼ਬਾਰ ਜਾਂ ਹੋਰ ਸ਼ੈਅ ਨੂੰ ਵਿਖਾਉਣਾ ਹੁੰਦਾ ਤਾਂ ਮੈਨੂੰ ਅਲਮਾਰੀ 'ਚੋਂ ਕੱਢਣ ਦਾ ਹੁਕਮ ਨਾ ਕਰਦੇ, ਸਗੋਂ ਆਪ ਹੀ ਉੱਠ ਕੇ ਮੇਰੇ ਲਈ ਲੋੜੀਂਦੀ ਚੀਜ਼ ਲੈ ਆਉਂਦੇ। ਇਹ ਮੇਰੇ ਲਈ ਹੀ ਨਹੀਂ, ਹਰੇਕ ਲਈ ਉਨ੍ਹਾਂ ਦਾ ਸੁਭਾਉ ਸੀ। ਨਾਲ ਦਾ ਸਾਥੀ ਜਾਂ ਸੇਵਕ ਕੁਛ ਢਿੱਲਾ ਮੱਠਾ ਹੈ ਤਾਂ ਆਪਣੀ ਕਿਰਿਆ ਆਪ ਸਾਧਣ ਨੂੰ ਕਦੇ ਹੇਠੀ ਨਹੀਂ ਸਮਝਦੇ ਸਨ। ਇਹੋ ਕਾਰਨ ਹੈ ਕਿ ਆਪ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਅਨੇਕਾਂ ਵਾਰ ਦੀਵਾਨਾਂ ਵਿੱਚ ਆਪ ਹੀ ਲੋਕਾਂ ਨੂੰ ਬੈਠਾਂਦਿਆਂ ਜਾਂ ਪ੍ਰੋਗਰਾਮ ਦਸਦਿਆਂ ਵੇਖਿਆ ਹੋਵੇਗਾ।

ਮਿਹਰਬਾਨ ਫੁਰਮਾਉਂਦੇ- ਕੋਈ ਗੱਲ ਜੋ ਅਸੀਂ ਆਪ ਕਰ ਸਕਦੇ ਹਾਂ, ਉਸ ਲਈ ਬਿਗਾਨੇ ਦਾ ਆਸਰਾ ਲੱਭਦੇ ਫਿਰਨਾ

ਤਾਂ ਸਿਰੇ ਦੀ ਕਮਜ਼ੋਰੀ ਅਤੇ ਵਕਤ ਦੀ ਬਰਬਾਦੀ ਹੈ। ਆਪਣਾ ਕੰਮ ਆਪ ਕੀਤਿਆਂ ਸਵੈ-ਭਰੋਸਾ, ਸ਼ਕਤੀ ਤੇ ਉੱਦਮ ਵੱਧਦਾ ਹੈ।

"ਇਕ ਤਿਲ ਨਹੀ ਭੰਨੈ ਘਾਲਿਆ" ਦਾ ਗੁਰਵਾਕ ਸਤਿਗੁਰੂ ਜੀ ਨੇ ਕਿਵੇਂ ਸਫ਼ਲ ਕੀਤਾ, ਇਹ ਵੀ ਜਾਣਨ ਯੋਗ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਾਸ ਆ ਕੇ ਜਿਨ੍ਹਾਂ ਨਾਮਧਾਰੀ ਨੌਜਵਾਨਾਂ ਜਾਂ ਬਜ਼ੁਰਗਾਂ ਨੇ ਸੇਵਾ ਕੀਤੀ ਉਨ੍ਹਾਂ ਦਾ ਖਾਣ, ਪਹਿਨਣ, ਰਹਿਣ, ਆਦਿ ਦਾ ਪ੍ਰਬੰਧ ਤਾਂ ਗੁਰੂ ਕਾ ਲੰਗਰ ਕਰਦਾ ਹੀ ਸੀ, ਪਰ ਦੀਨ ਦਿਆਲ ਉਨ੍ਹਾਂ ਯੁਵਕਾਂ ਦੀ ਘਾਲਣਾ ਨੂੰ ਸਦਾ ਹੀ ਚੇਤੇ ਰੱਖਦੇ। ਜਿਨ੍ਹਾਂ ਜਵਾਨਾਂ ਨੇ ਆਪਣੇ ਘਰਾਂ ਵਿਚ ਰਹਿ ਕੇ ਕਦੇ ਵੀ ਵਿਆਹੇ ਨਹੀਂ ਸੀ ਜਾਣਾ, ਉਨ੍ਹਾਂ ਲਈ ਦਇਆਲ ਸਤਿਗੁਰੂ ਨੇ ਵਿਆਹ ਰਚਾਏ, ਤੇ ਜਿਨ੍ਹਾਂ ਨੇ ਆਪਣੇ ਜਤਨਾਂ ਨਾਲ ਕਦੇ ਵੀ ਜ਼ਮੀਨ ਦਾ ਮਰਲਾ ਨਹੀਂ ਸੀ ਖਰੀਦ ਸਕਣਾ ਉਨ੍ਹਾਂ ਨੂੰ ਜ਼ਮੀਨਾਂ ਦਿੱਤੀਆਂ। ਅਨੇਕਾਂ ਨਿਥਾਵੇਂ ਤੇ ਨਿਮਾਣੇ ਨਾਮਧਾਰੀਆਂ ਨੂੰ ਮਾਣ ਅਤੇ ਥਾਵਾਂ ਦੇ ਕੇ ਸੁਹਣੇ ਜੀਵਨ ਦਾ ਮੌਕਾ ਦਿੱਤਾ।

ਪਰ ਉਦਾਰਤਾ ਨਿਰੀ ਸੇਵਾ ਕਰਨ ਵਾਲਿਆਂ ਵਾਸਤੇ ਹੀ ਮਹਿਦੂਦ ਨਹੀਂ ਸੀ। ਇਹਦਾ ਪਸਾਰਾ ਉਨ੍ਹਾਂ ਅਨੇਕਾਂ ਹੋਰ ਗਰੀਬ ਨਾਮਧਾਰੀਆਂ ਵਾਸਤੇ ਵੀ ਸੀ, ਜਿਹੜੇ ਰੁਲਦੇ ਫਿਰਦੇ ਤੇ ਸਮਾਜ ਦੇ ਅਪਾਹਜ ਅੰਗ ਸਮਝੇ ਜਾਂਦੇ ਸਨ। ਸਤਿਗੁਰੂ ਜੀ ਬਚਨ ਕੀਤਾ ਕਰਦੇ, "ਮੇਰਾ ਜੀਅ ਕਰਦਾ ਹੈ ਦੁਨੀਆਂ 'ਚ ਜੋ ਕੁਝ ਚੰਗਾ ਹੈ, ਉਹ ਨਾਮਧਾਰੀਆਂ ਪਾਸ ਹੋਵੇ। ਚੰਗੇ ਲੱਛਣ, ਵਧੀਆ ਗੁਣ, ਰੱਜਵੀਂ ਮਾਇਆ, ਨਿਸ਼ਕਾਮ ਭਾਵਨਾ ਅਤੇ ਮਹਾਨ ਸਾਤਵਿਕਤਾ ਹਰੇਕ ਨਾਮਧਾਰੀ ਦਾ ਸ਼ਿੰਗਾਰ ਹੋਵੇ।"

ਤੇ ਕੋਈ ਸ਼ੱਕ ਨਹੀਂ ਕਿ ਇਹ ਸਭ ਕੁਝ ਨਾਮਧਾਰੀਆਂ ਨੂੰ ਪ੍ਰਾਪਤ ਹੋ ਰਿਹਾ ਹੈ ਤੇ ਹੋਵੇਗਾ ।

ਆਪਣੇ ਸਮਾਜ ਅਤੇ ਇਸ ਦੇ ਮੈਂਬਰਾਂ ਲਈ ਅਪਣੱਤ ਸ੍ਰੀ ਸਤਿਗੁਰੂ ਜੀ ਦਾ ਇਕ ਹੋਰ ਵਿਵਹਾਰਕ ਗੁਣ ਸੀ, ਜਿਸ ਨਾਲ ਉਹ ਦੂਰ ਤੋਂ ਦੂਰ ਜਾਂਦੇ ਬੰਦੇ ਨੂੰ ਕੀਲ ਲੈਂਦੇ ਸਨ। ਮਿਸਾਲ ਵਜੋਂ ਮੈਂ ਉਨ੍ਹਾਂ ਪਾਸ ਹੀ ਪੜ੍ਹ, ਲਿਖ, ਵੱਡਾ ਹੋ ਕੇ, ਕੁਝ ਕਾਰਨਾਂ ਅਧੀਨ ਚੌਦਾਂ ਸਾਲ ਤੱਕ ਉਨ੍ਹਾਂ ਦੇ ਦਰਸ਼ਨ ਨਹੀਂ ਕੀਤੇ। ਸਵਰਗਵਾਸ ਤੋਂ ਤਿੰਨ ਸਾਲ ਪਹਿਲਾਂ, ਜਦ ਦੇਵਨੇਤ ਆ ਦਰਸ਼ਨ ਕੀਤੇ ਤਾਂ ਮੈਂ ਇਕ ਕਮਿਊਨਿਸਟ ਸਾਂ। ਆਪ ਜੀ ਨੇ ਮੈਨੂੰ ਸਤਿਜੁਗ ਦੀ ਸੰਪਾਦਕੀ ਦੇ ਦਿੱਤੀ ਤੇ ਨਾਲ ਬਚਨ ਕੀਤਾ, "ਅਖ਼ਬਾਰ ਸਾਡੀ ਪਾਲਿਸੀ ਨਾਲ ਚਲਾਣਾ ਹੈ। ਤੂੰ ਭਾਵੇਂ ਕਮਿਊਨਿਸਟ ਹੀ ਰਹੁ। ਤੈਨੂੰ ਅਸੀਂ ਕੁਛ ਨਹੀਂ ਕਹਾਂਗੇ। ਸਾਡੀ ਡਿਊਟੀ ਠੀਕ ਤਰ੍ਹਾਂ ਨਿਭਾਈਂ।" ਮੈਨੂੰ ਦਿਸਦਾ ਪਿਆ ਸੀ ਕਿ ਉਹ ਆਪਣੇ ਹੀ ਬੇਟੇ ਨੂੰ ਪਾਸ ਰੱਖਣ ਲਈ ਇਹ ਖੁੱਲਾਂ ਦੇ ਰਹੇ ਸਨ।

ਅੰਮ੍ਰਿਤਸਰ ਇਕ ਕਾਨਫ਼ਰੰਸ ਤੇ ਗਿਆਂ ਮੈਂ ਕਾਮਰੇਡ ਜਗਜੀਤ ਸਿੰਘ ਅਨੰਦ ਅਤੇ ਕਾਮਰੇਡ ਗੁਰਮੇਜ ਸਿੰਘ ਬਾਬਤ ਵਾਕਫ਼ੀ ਦਿਵਾਂਦਿਆਂ ਸ਼ਬਦ ਵਰਤੇ, "ਦੀਨ ਦਿਆਲ, ਇਹ ਸਾਡੀ ਪਾਰਟੀ ਦੇ ਰੋਜ਼ਾਨਾ ਅਖ਼ਬਾਰ ਦੇ ਵਿਦਵਾਨ ਲੇਖਕ ਤੇ ਲੀਡਰ ਹਨ ਅਤੇ ਇਹਨਾਂ (ਗੁਰਮੇਜ ਸਿੰਘ ਜੀ) ਨੇ ਅਸੈਂਬਲੀ ਲਈ ਸ. ਕੈਰੋਂ ਦੇ ਖ਼ਿਲਾਫ਼ ਚੋਣ ਲੜੀ ਹੈ।" 'ਸਾਡੀ ਪਾਰਟੀ' ਮੇਰੇ ਕਹਿਣ 'ਤੇ ਅਤੇ ਸਤਿਗੁਰਾਂ ਦੇ ਸੁਣਨ 'ਤੇ, ਸਾਡੇ ਦੋਹਾਂ ਦੇ ਜੀਅ ਨੂੰ ਕੁਛ ਹੋਇਆ। ਦੂਜੇ ਬੰਨੇ ਕਾਮਰੇਡ ਵੀ ਇਸ 'ਦਲੇਰੀ' ਲਈ ਅਚੰਭਿਤ ਸਨ।

ਛੇ ਮਹੀਨੇ ਬਾਅਦ ਸਤਿਗੁਰੂ ਜੀ ਨੇ ਕਿਸੇ ਚਲਦੀ ਗੱਲ ਵਿਚ ਮੈਨੂੰ ਵਾਤਸਲ ਪਿਆਰ ਨਾਲ ਕਿਹਾ, "ਕਵੀ, ਤੈਨੂੰ ਪਤਾ ਹੈ ਜਦੋਂ ਤੂੰ ਅੰਮ੍ਰਿਤਸਰ 'ਮੇਰੀ ਪਾਰਟੀ' ਕਿਹਾ ਸੀ ਤਾਂ ਮੈਨੂੰ ਆਪਣੀ ਚੀਜ਼ ਹੀ ਬਗਾਨੀ ਹੋਈ ਦਿਸਦੀ ਸੀ। ਮੈਂ ਅਰਜ਼ ਕੀਤਾ, "ਇਹ ਤੁਸੀਂ ਹੀ ਹੋ, ਜਿਨ੍ਹਾਂ ਦੀਆਂ ਦਿੱਤੀਆਂ ਖੁੱਲ੍ਹਾਂ ਸਾਨੂੰ ਪ੍ਰੇਮ ਦੀ ਨਜ਼ਰਬੰਦੀ ਵਿਚ ਰੱਖ ਸਕਦੀਆਂ ਹਨ।

ਪਤਿਤ ਪਾਵਨ ਸਤਿਗੁਰੂ ਜੀ ਦੀ ਮਿੱਤਰਤਾ ਵਿਵਹਾਰਕ ਪੱਖੋਂ ਏਨੀ ਉਚੇਰੀ ਸੀ ਕਿ ਲੇਸ ਮਾਤਰ ਵੀ ਉਸ ਵਿਚ ਗ਼ਰਜ਼ ਨਹੀਂ ਸੀ ਹੁੰਦੀ। ਮਿੱਤਰਾਂ ਬਾਬਤ ਦੋਹਾਂ ਭਰਾਵਾਂ ਦੇ ਵਿਚਾਰ ਵੱਖ-ਵੱਖ ਸਨ (ਸਤਿਗੁਰੂ ਪ੍ਰਤਾਪ ਸਿੰਘ ਅਤੇ ਮਹਾਰਾਜ ਨਿਹਾਲ ਸਿੰਘ)। ਇੱਕ ਦੇ ਵਿਚਾਰ ਸਨ ਕਿ ਕਿਸੇ ਦੀ ਮਿੱਤਰਤਾ ਦਾ ਲਾਭ ਹੀ ਕੀ ਜੇ ਉਸ ਨੇ ਕੋਈ ਕੰਮ ਨਹੀਂ ਸਵਾਰਨਾ। ਜਦੋਂ ਕਿ ਸਤਿਗੁਰੂ ਜੀ ਦਾ ਨਿਸ਼ਾਨਾ ਕੇਵਲ ਪਰਸਪਰ ਕੇਨਦਰ ਤੇ ਸਮਝ ਨੂੰ ਵਧਾਣਾ ਹੀ ਸੀ। ਉਹ ਕਹਿੰਦੇ, "ਮਿੱਤਰ ਤੋਂ ਮੰਗ,

ਵੱਧਦੀ-ਵੱਧਦੀ ਬੇ-ਸੁਆਦੀ 'ਤੇ ਜਾ ਖਲੋਂਦੀ ਹੈ। ਮਿੱਤਰ ਉਹ ਜੋ ਆਪਣੇ ਆਪ ਇਕ ਦੂਜੇ ਦੀ ਲੋੜ 'ਤੇ ਥੁੜ ਨੂੰ ਸਮਝੇ ਅਤੇ ਸਮੇਂ ਸਿਰ ਸਹਾਇਤਾ ਕਰੇ ।

ਆਪ ਦੀਨ ਦਿਆਲ ਜੀ ਨੇ ਮਿੱਤ੍ਰਤਾ ਦੇ ਇਸ ਵਿਵਹਾਰ ਨੂੰ ਜ਼ਿੰਦਗੀ ਭਰ ਨਿਭਾਇਆ। ਪਰ ਜਦੋਂ ਭਾਈ ਘਸੀਟਾ ਸਿੰਘ ਦੇ ਕਤਲ ਕੇਸ ਸਮੇਂ ਸਰਕਾਰੀ ਜ਼ਿਆਦਤੀਆਂ ਦਾ ਚੱਕਰ ਚੱਲਿਆ ਤਾਂ ਸਤਿਗੁਰੂ ਜੀ ਨੇ ਕਿਸੇ ਆਪਣੇ ਮਿੱਤਰ ਨੂੰ ਆਪਣੇ ਵਲੋਂ ਕਿਸੇ ਮਦੱਦ ਲਈ ਨਹੀਂ ਕਿਹਾ।

ਸੱਚੇ ਪਾਤਸ਼ਾਹ ਜੀ ਨੇ ਨਾਮਧਾਰੀ ਪੰਥ ਵਿਚ ਕਦੇ ਵੀ ਕਿਸੇ ਦੂਜੀ ਪਾਰਟੀ ਦੀ ਹੋਂਦ ਗਵਾਰਾ ਨਹੀਂ ਕੀਤੀ। ਸਾਡੇ ਮਨਾਂ ਵਿੱਚ ਤਾਂ ਪੰਥ ਨੂੰ ਰਾਜਨੀਤਕ ਪੱਖੋਂ ਹੀ ਵੇਖਣ ਦੀ ਵਧੀਕ ਵੇਰ ਕਾਮਨਾ ਹੁੰਦੀ ਸੀ, ਪਰ ਉਹ ਇਸ ਨੂੰ ਨਾਨਕ-ਚਲਾਏ-ਮਿਸ਼ਨ ਦੇ ਆਧਾਰ 'ਤੇ ਧਾਰਮਿਕ ਪੱਖ ਤੋਂ ਹੀ ਅਗਵਾਈ ਬਖ਼ਸ਼ਦੇ ਰਹੇ। ਦੂਜਾ ਭਾਵ ਪੈਦਾ ਕਰਨ ਵਾਲੇ ਗਰੁੱਪ ਜਾਂ ਗਰੋਹ ਨੂੰ ਖ਼ਤਮ ਕਰਨ ਲਈ ਸਤਿਗੁਰੂ ਜੀ ਨੇ ਸਮੁੱਚੇ ਨਾਮਧਾਰੀਆਂ ਦੀ ਏਕਤਾ ਨੂੰ ਇਕ ਇਕਾਈ ਦੇ ਰੂਪ ਵਿਚ ਜਗਾਇਆ। ਆਪ ਦਾ ਬਚਨ ਹੁੰਦਾ ਕਿ ਜੇ ਪਾਰਟੀਆਂ ਬਣ ਜਾਣ ਤਾਂ ਚੌਧਰਾਂ ਦੇ ਝਗੜੇ ਵੀ ਲਾਜ਼ਮੀ ਅਮਲ ਹੈ। ਚੌਧਰਾਂ ਨੂੰ ਬਰਕਰਾਰ ਰੱਖਣ ਜਾਂ ਖੋਹਣ ਲਈ ਵੱਖ-ਵੱਖ ਸਟੇਜਾਂ 'ਤੇ ਜੇ ਨਾਮਧਾਰੀ ਹੀ ਖਲੋ ਕੇ ਇਕ ਦੂਜੇ ਦੀ ਵਿਰੋਧਤਾ ਕਰਨ ਲੱਗੇ ਤਾਂ ਸਾਡੇ ਪੱਲੇ ਕੀ ਰਹੇਗਾ।

ਰਾਜਨੀਤਕ ਪਾਰਟੀਆਂ ਵਿਚ ਨਾਮਧਾਰੀਆਂ ਨੂੰ ਏਸੇ ਲਈ ਸ਼ਾਮਿਲ ਨਹੀਂ ਸਨ ਹੋਣ ਦਿੰਦੇ ਕਿ ਜੇ ਨਾਮਧਾਰੀ ਕਾਂਗਰਸ, ਸੋਸ਼ਲਿਸਟ, ਕਮਿਊਨਿਸਟ, ਆਦਿ ਪਾਰਟੀਆਂ ਵਿਚ ਵੜ ਗਏ ਤਾਂ ਇਹ ਆਪਣੀ ਪਾਰਟੀ ਦੇ ਨਜ਼ਰੀਏ ਅਧੀਨ ਦੂਜੇ ਤੇ ਚਿੱਕੜ ਉਛਾਲਿਆ ਕਰਨਗੇ।

ਆਪ ਦੀ ਜ਼ਿੰਦਗੀ ਵਿੱਚ ਕਈ ਇਕ ਜਤਨ ਪੰਥ ਅੰਦਰ ਪਾਰਟੀਆਂ ਜਾਂ ਗਰੋਹਾਂ ਲਈ ਹੋਏ ਜਿਨ੍ਹਾਂ ਨੂੰ ਆਪ ਨੇ ਕਮਾਲ ਕੁਸ਼ਲਤਾ ਨਾਲ ਨਿਰਉਤਸਾਹਤ ਕੀਤਾ।

ਇਸ ਦਲਬੰਦੀ ਤੋਂ ਬਚਣ ਲਈ ਆਪ ਜੀ ਦਾ ਜੋ ਅਮੋਘ ਅਸਤਰ ਸੀ, ਉਹ ਸੀ ਨਾਮਧਾਰੀਆਂ ਦੇ ਨਾਮਧਾਰੀਆਂ ਨਾਲ ਰਿਸ਼ਤੇ। ਸਤਿਗੁਰੂ ਜੀ ਨੇ ਸਖ਼ਤੀ ਨਾਲ ਨਾਮਧਾਰੀ ਮੁੰਡੇ ਕੁੜੀਆਂ ਦੇ ਵਿਆਹ ਕੇਵਲ ਨਾਮਧਾਰੀਆਂ ਵਿੱਚ ਹੀ ਕਰਵਾਏ। ਉਹ ਜਾਣਦੇ ਸਨ ਕਿ ਇਕ ਦੂਜੇ ਲੋਕਾਂ ਨਾਲ ਰਿਸ਼ਤੇ ਨਾਤੇ ਦੀ ਸਾਂਝ ਤੁਰਿਆਂ ਦੂਜਿਆਂ ਦੇ ਵਿਚਾਰ ਵੀ ਨਾਮਧਾਰੀਆਂ ਅੰਦਰ ਪਨਪਣਗੇ ਤੇ ਇਸ ਤਰ੍ਹਾਂ ਸਾਡੇ ਮੁੰਡੇ ਕੁੜੀਆਂ ਨਾਮਧਾਰੀਪੁਣੇ ਤੋਂ ਹੱਥ ਧੋ ਬਹਿਣਗੇ।

ਰਿਸ਼ਤੇ ਨਾਤਿਆਂ ਬਾਬਤ ਇਸੇ ਨਜ਼ਰੀਏ ਨੇ ਨਾਮਧਾਰੀਆਂ ਦੀ ਏਕਤਾ ਵਿਚ ਭਰਪੂਰ ਹਿੱਸਾ ਪਾਇਆ। ਜਦੋਂ ਵੀ ਕਿਸੇ ਸੱਜਣ ਦੇ ਵਿਰੋਧੀ ਵਿਚਾਰ ਵਿਖਾਈ ਦਿੱਤੇ, ਰਿਸ਼ਤੇਦਾਰਾਂ ਦੇ ਜ਼ੋਰ ਨੇ ਉਸ ਨੂੰ ਮੁੜ ਘਰ ਪਰਤਣ ਲਈ ਕਾਇਲ ਜਾਂ ਮਜ਼ਬੂਰ ਕਰ ਦਿੱਤਾ।

ਦੀਨਾ ਬੰਧੂ ਜੀ ਦੇ ਅੰਦਰਲੇ ਸੁਹਜ ਸੁਆਦ ਨੇ ਵਿਵਹਾਰਕ ਤੌਰ 'ਤੇ ਬਾਹਰ ਵੀ ਪ੍ਰਗਟਾਵਾ ਕੀਤਾ। ਉਹਨਾਂ ਦੇ ਅੰਦਰਲੇ ਸੁਆਦ ਦਾ ਫੁਹਾਰਾ ਏਨਾ ਭਰਪੂਰ ਸ਼ਕਤੀ ਨਾਲ ਚੱਲਦਾ ਰਿਹਾ ਕਿ ਉਨ੍ਹਾਂ ਦੇ ਦੁਆਲੇ ਦੇ ਹਰ ਕੁਹਜ ਜਾਂ ਅਵਸਥਾ ਨੇ ਉਸ ਨੂੰ ਕਦੇ ਮੱਧਮ ਨਹੀਂ ਪੈਣ ਦਿੱਤਾ। ਉਸ ਦਾ ਅਨੰਦ ਨਾਲਦਿਆਂ ਜਾਂ ਜਾਣਕਾਰਾਂ ਨੂੰ ਆਪ ਤੋਂ ਆਪ ਮਿਲਦਾ ਰਹਿੰਦਾ, ਪਰ ਮੈਂ ਉਨ੍ਹਾਂ ਦੇ ਪਸ਼ੂਆਂ ਦੇ ਨਾਮਕਰਣ ਤੋਂ ਹੀ ਆਪ ਨੂੰ ਉਸ ਦਾ ਝਲਕਾਰਾ ਪੁਆਉਂਦਾ ਹਾਂ। ਉਨ੍ਹਾਂ ਦੇ ਰੱਖੇ ਨਾਮ ਬੜੇ ਸਾਰਥਕ ਤੇ ਪ੍ਰਭਾਵ ਭਰੇ ਹੁੰਦੇ-

ਜਿਵੇਂ ਮੱਝਾਂ ਦੇ ਨਾਮ ਲਓ- ਸੋਹਣੀ, ਪਿਆਰੋ, ਫੁੱਲ, ਹੀਰ, ਲਾਜੋ, ਰਾਂਝੇ, ਆਦਿ।

ਗਊਆਂ ਦੇ ਨਾਵਾਂ ਨੂੰ ਨੋਟ ਕਰੋ- ਪੁਤਲੀ, ਗੰਗਾ, ਜਮਨਾ, ਰਸਤੀ, ਨਵਰਤਨ, ਨੌਲਖੀ, ਸੱਸੀ, ਸੁਰੱਯਾ ਤੇ ਮੀਨਾ, ਆਦਿ

ਤੇ ਇਹ ਨਾਮ ਉਨਾਂ ਦੀਆਂ ਘੋੜੀਆਂ ਦੇ ਹਨ- **ਛੈਲ, ਕੈਲ, ਪੰਜਾਬਣ, ਦਿਲਦਾਰ, ਸ਼ੀਹਣੀ, ਸ਼ਕੁੰਤਲਾ, ਫੁਲਝੜੀ, ਵਿਜੈ ਹਿੰਦ,**

ਆਦਿ।

ਘੋੜੇ- ਬੱਬਰ ਬਾਹਨ, ਬਾਜ, ਜੈ ਭਾਰਤ, ਵਿਜੈ ਭਾਰਤ, ਪਵਨ, ਕੇਸਰੀ, ਆਦਿ।

ਉੱਠਣ, ਬੈਠਣ, ਖਾਣ, ਪੀਣ, ਬਸਤਰ ਪਹਿਨਣ, ਕੰਘਾ ਕਰਨ, ਦਸਤਾਰ ਸਜਾਣ ਵਿੱਚ ਉਹਨਾਂ ਦਾ ਨਿਰਾਲਾ ਹੁਸਨ ਹੁੰਦਾ। ਆਪ ਦਾ ਫੁਰਮਾਨ ਸੀ, "ਜਦੋਂ ਕੁਛ ਚੀਜ਼ਾਂ ਰੋਜ਼ਾਨਾ ਹੀ ਸਾਡੇ ਕਰਨ ਵਾਲੀਆਂ ਹਨ ਤਾਂ ਉਹਨਾਂ ਵਿਚ ਸੁਹਜ ਦੀ ਝਲਕ ਕਿਉਂ ਨਾ ਮਿਲੇ। ਹਰ ਚੀਜ਼ ਨੂੰ ਹੁਨਰ ਦੀ ਸ਼ਕਲ ਕਿਉਂ ਨਾ ਦਿੱਤੀ ਜਾਵੇ।

ਜਿੱਥੇ ਆਪ ਇਕ ਸਤ-ਸਨਾਤਨ ਪੰਥ ਦੇ ਪਰਮਮੁਖੀ ਸਨ, ਓਥੇ ਆਪ ਨੇ ਅਨਮਤੀਆਂ ਨਾਲ ਵੀ ਪੂਰੀ ਖ਼ਲੂਸ ਦਿਲੀ ਵਰਤੀ। ਪਿਆਰ ਕਰਨ ਵਾਲਿਆਂ ਨੂੰ ਗਲ ਲਾਂਦਿਆਂ ਉਹ ਕਦੇ ਸੰਕੋਚ ਵਿਚ ਨਾ ਆਏ। ਅਨ-ਧਰਮੀਆਂ ਨਾਲ ਉਨ੍ਹਾਂ ਦੀ ਰਵਾਦਾਰੀ ਹੈਰਾਨ ਕਰਨ ਵਾਲੀ ਸੀ।

ਇਸ ਦੇ ਨਾਲ ਹੀ ਆਪ ਨੇ ਹਰੇਕ ਤਰ੍ਹਾਂ ਦੀ ਰਾਜਸੀ ਜਾਂ ਧਾਰਮਿਕ ਪਰਪੱਕ ਵਿਅਕਤੀ ਦੀ ਹਿਰਦਿਓਂ ਕਦਰ ਕੀਤੀ। ਨਾਮਧਾਰੀਆਂ ਦੀ ਵੋਟ ਸ਼ਕਤੀ ਨੂੰ ਆਪ ਇਸੇ ਢੰਗ ਨਾਲ ਵਰਤਦੇ। ਜੇ ਕਾਂਗਰਸ ਨੂੰ ਆਮ ਤੌਰ 'ਤੇ ਵੋਟਾਂ ਕਰਨੀਆਂ ਹਨ ਤਾਂ ਦੂਜੀਆਂ ਪਾਰਟੀਆਂ ਦੇ ਯੋਗ ਮੁਖੀਆਂ ਨੂੰ ਵੀ ਜ਼ਰੂਰ ਵੋਟ ਪਾਏ। ਸਤਿਗੁਰੂ ਜੀ ਕਹਿੰਦੇ, "ਮੈਂ ਤਾਂ ਹਰੇਕ ਪਾਰਟੀ ਦੇ ਚੰਗੇ ਆਦਮੀ ਦੀ ਕਦਰ ਕਰਦਾ ਹਾਂ। ਮੇਰੀ ਆਪਣੀ ਕੋਈ ਪਾਰਟੀ ਨਹੀਂ।" ਕਾਂਗਰਸ ਨੂੰ ਵੋਟ ਦੇ ਕੇ ਉਹ ਸਮਝਦੇ ਸਨ ਕਿ ਸੱਤਾ ਸੰਭਾਲਣ ਦੇ ਅਜੇ ਇਹੋ ਯੋਗ ਹੈ। ਕੋਈ ਦੂਜੀ ਪਾਰਟੀ ਇਸ ਦਾ ਸਾਹਮਣਾ ਕਰਨ ਵਾਲੀ ਅਜੇ ਬਣੀ ਨਹੀਂ।

ਇਹਨਾਂ ਸਾਰੀਆਂ ਪਾਰਟੀਆਂ ਨਾਲ ਆਪਣੀ ਵਿਵਹਾਰਕ ਸਾਂਝ ਦਾ ਫਾਰਮੂਲਾ ਵੀ ਉਨ੍ਹਾਂ ਪਾਸ ਹੈ ਸੀ । ਜਿਵੇਂ ਕਿ ਆਪ ਫ਼ਰਮਾਉਂਦੇ-

"ਕਾਂਗਰਸ ਨੂੰ ਬਹੁਤੀਆਂ ਵੋਟਾਂ ਇਸ ਕਰ ਕੇ ਦਿੰਦੇ ਹਾਂ, ਕਿ ਇਸ ਨੇ ਦੇਸ਼ ਦੀ ਸੁਤੰਤਰਤਾ ਦਾ ਸੰਗਰਾਮ ਲੜਿਆ ਹੈ ਤੇ ਇਸ ਵੇਲੇ ਰਾਜ ਸੱਤਾ ਸੰਭਾਲਨ ਦੇ ਵੀ ਇਹੋ ਯੋਗ ਹੈ। ਕਮਿਊਨਿਸਟਾਂ ਦਾ ਨਿਸਵਾਰਥ ਜਨ-ਸੇਵਾ ਕਰਨਾ ਮੈਨੂੰ ਸਦਾ ਚੰਗਾ ਲੱਗਦਾ ਹੈ, ਪਰ ਜਨਸੰਘੀਆਂ ਦੀ ਗੋ-ਸੇਵਾ ਵੀ ਮੈਨੂੰ ਪ੍ਰੇਰਦੀ ਹੈ, ਕਿਉਂਕਿ ਸਾਡੇ ਪੁਰਖਿਆਂ ਗਊ-ਗਰੀਬ ਦੇ ਭਲੇ ਲਈ ਹੱਸ-ਹੱਸ ਕੁਰਬਾਨੀਆਂ ਕੀਤੀਆਂ ਸਨ।"

ਸਿੱਖਾਂ ਦੀ ਏਕਤਾ ਮਜ਼ਬੂਤ ਕਰਨ, ਉਨ੍ਹਾਂ ਦੀ ਪਾਟਕ ਮਿਟਾਣ ਤੇ ਪਰਸਪਰ ਖਿੱਚੋਤਾਣ ਨੂੰ ਮੁੱਖ ਰਖਦਿਆਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਅਸੂਲਾਂ ਨੂੰ ਕੁਝ ਸਮੇਂ ਲਈ ਤਿਆਗ ਕੇ ਵੀ ਜਤਨ ਕੀਤੇ। ਇਕ ਸਟੇਜ ਤੇ ਸਿੱਖਾਂ ਦੇ ਵਿਰੋਧੀ ਧੜਿਆਂ ਹਿੰਦੂ-ਸਿੱਖ ਤੇ ਹਿੰਦੂ-ਮੁਸਲਮਾਨਾਂ ਨੂੰ ਬੈਠਣ ਲਈ ਆਪ ਨੇ ਬੇ-ਬਹਾ ਖ਼ਰਚ ਕੀਤਾ। ਇਸ ਦੇ ਮੁਆਵਜ਼ੇ ਬਾਬਤ ਉਨ੍ਹਾਂ ਕਦੇ ਸੋਚਿਆ ਹੀ ਨਹੀਂ ਸੀ। ਆਪ ਜੀ ਦਾ ਕਥਨ ਸੀ, "ਮੇਰਾ ਫ਼ਰਜ਼ ਹੀ ਬਣਦਾ ਹੈ ਕਿ ਮੈਂ ਏਕਤਾ ਲਈ ਯਤਨ ਕਰਦਾ ਰਹਾਂ। ਕਿਸੇ ਦੀ ਹੋਂਦ ਨੂੰ ਖ਼ਤਮ ਕਰਨਾ ਤਾਂ ਖ਼ੁਦਾਈ ਕਹਿਰ ਦੀ ਆਪ ਜ਼ਿੰਮੇਵਾਰੀ ਲੈਣਾ ਹੈ। ਕਿਸੇ ਦੇ ਮਾਰਿਆਂ ਕੋਈ ਮਰਦਾ ਨਹੀਂ ਤਾਂ ਫਿਰ ਸਾਰੇ ਜਣੇ ਆਪਣੇ ਆਪਣੇ ਅਕੀਦੇ ਮੁਤਾਬਕ ਰਲ ਕੇ ਕਿਉਂ ਨਾ ਚੱਲਣ। ਰੱਬ ਨਾਲ ਪਿਆਰ ਕਰਨ ਵਾਲੇ ਤਾਂ ਪ੍ਰਸਪਰ ਲੜ ਝਗੜ ਨਹੀਂ ਸਕਦੇ।" ਆਪ ਜੀ ਨੇ ਸਾਰਿਆਂ ਮੱਤਾਂ ਦੇ ਪ੍ਰਾਪੇਗੰਡੇ ਨੂੰ ਇਕ ਨਵੀਂ ਵਿਵਿਹਾਰਕ ਸੇਧ ਦਿਤੀ, "ਭੰਡੋ ਕਿਸੇ ਨੂੰ ਨਾ, ਆਪਣੀਆਂ ਖੂਬੀਆਂ ਦਾ ਪਰਚਾਰ ਕਰੋ।"

ਵੱਡੇ ਵੱਡੇ ਮੁਖ਼ਾਲਫ਼ਾਂ ਨਾਲ ਰਲ ਕੇ ਚੱਲਣਾ ਉਨ੍ਹਾਂ ਨੂੰ ਕਿੱਡਾ ਸੁਚੱਜਾ ਆਉਂਦਾ ਸੀ। ਇਕ ਵਾਰ ਵਿਰੋਧ ਪੱਖ ਦੇ ਵਜ਼ੀਰ ਨੂੰ ਆਪ ਨੇ ਦੀਵਾਨ ਵਿਚ ਆਪ ਹੀ ਪੇਸ਼ ਕਰਨਾ ਸੀ। ਪੰਜ ਮਿੰਟਾਂ ਦੇ ਸੰਖੇਪ ਭਾਸ਼ਣ ਵਿੱਚ ਇਸ ਤਰ੍ਹਾਂ ਉਸ ਨੂੰ ਬੇਲਾਗ ਤਰ੍ਹਾਂ ਨਾਲ ਪੇਸ਼ ਕੀਤਾ ਕਿ ਅਸੀਂ ਹੈਰਾਨ ਰਹਿ ਗਏ।

ਬਾਅਦ ਵਿਚ ਪੁੱਛਣ 'ਤੇ ਆਪ ਨੇ ਦੱਸਿਆ, "ਬਹੁਤਾ ਖ਼ਤਰਾ ਸਪੱਸ਼ਟ ਵਿਰੋਧੀ ਤੋਂ ਨਹੀਂ ਹੁੰਦਾ। ਸੱਪ ਨੂੰ ਅਸੀਂ ਚਿਮਟੇ

ਜਾਂ ਬੋਰੀ ਨਾਲ ਸੰਭਲ ਕੇ ਫੜ ਲਵਾਂਗੇ, ਪਰ ਖ਼ਤਰਾ ਤਾਂ ਉਸ ਅਪਰਗਟ ਵਿਰੋਧੀ ਤੋਂ ਹੁੰਦਾ ਹੈ, ਜੋ ਆਪਣੇ ਆਪ ਨੂੰ ਲੁਕਾ ਕੇ ਰੱਖੇ। ਸੰਨੀ ਨਾਲ ਤਾਂ ਤਪਿਆ ਲੋਹਾ ਵੀ ਫੜਿਆ ਜਾ ਸਕਦਾ ਹੈ। ਸੁਆਲ ਇਹ ਹੈ ਕਿ ਤੁਹਾਡਾ ਜੇਰਾ ਮਹਾਨ ਹੋਵੇ।"

ਨਾਲ ਹੀ ਉਹ ਮੁਖ਼ਾਲਫ਼ ਦੀ ਮੁਖ਼ਾਲਫ਼ਤ ਨੂੰ ਏਡੀ ਛੇਤੀ ਭੁਲਣ ਵਾਲੇ ਸਨ, ਜਿੰਨਾ ਕੋਈ ਹੋਰ ਨਹੀਂ ਹੋ ਸਕਦਾ। ਜਦੋਂ ਕਿਸੇ ਨੇ ਆਪਣੀ ਗ਼ਲਤੀ ਦਾ ਸੱਚੇ ਮਨੋਂ ਇਕਬਾਲ ਕਰ ਲਿਆ, ਦੂਜੀ ਘੜੀ ਹੀ ਉਹ ਸਤਿਗੁਰੂ ਜੀ ਦਾ ਰਾਜ਼ਦਾਰ ਬਣ ਗਿਆ। ਲੱਖਾਂ ਰੁਪਇਆਂ ਨਾਲ ਜਿੱਤੇ ਮੁਕੱਦਮੇ ਗਲਤੀ ਮੰਨ ਕੇ ਚਰਨੀਂ ਡਿੱਗ ਪੈਣ ਨਾਲ ਮੁਖ਼ਾਲਫ਼ ਦੀ ਮਰਜ਼ੀ ਤੇ ਪਾ ਦਿੱਤੇ। ਪਰ ਅੰਦਰੋਂ ਖੋਟਿਆਂ ਨੂੰ ਜ਼ਿੰਦਗੀ ਭਰ ਵੀ ਹਜ਼ੂਰ ਦਾ ਅੰਦਰਲਾ ਪਿਆਰ ਨਹੀਂ ਪ੍ਰਾਪਤ ਹੋ ਸਕਿਆ।

ਸਤਿਗੁਰੂ ਜੀ ਨੇ ਸਪੱਸ਼ਟਵਾਦ ਨੂੰ ਸਦਾ ਹੀ ਤਰਜੀਹ ਦਿੱਤੀ। ਜਿਸ ਨਾਲ ਅੰਦਰੋਂ ਵਿਰੋਧ ਉੱਠਦਾ, ਉਸ ਨੂੰ ਸਾਫ਼-ਸਾਫ਼ ਕਹਿ ਦੇਣਾ ਆਪ ਦੀ ਵਿਹਾਰਕ ਸ਼ੁੱਧਤਾ ਸੀ। ਸਤਿਗੁਰੂ ਜੀ ਫੁਰਮਾਉਂਦੇ, "ਅਕਾਲ ਪੁਰਖ ਨੇ ਕਿਸੇ ਚੀਜ਼ ਦੀ ਭੁੱਖ, ਤੇਹ ਤੇ ਲੋੜ ਨਹੀਂ ਰਹਿਣ ਦਿੱਤੀ, ਫਿਰ ਰਾਜਨੀਤਕ ਗ਼ਰਜ਼ਾਂ ਜਾਂ ਹੋਰ ਲਾਲਚਾਂ ਲਈ ਅਸੀਂ ਅੰਦਰੋਂ ਕੁਝ ਤੇ ਬਾਹਰੋਂ ਕੁਝ ਕਿਉਂ ਰਹੀਏ। ਅੰਦਰ ਬਾਹਰ ਦਾ ਫ਼ਰਕ ਤਦ ਤੱਕ ਹੀ ਬੰਦਾ ਰੱਖਦਾ ਹੈ, ਜਦ ਤੱਕ ਉਸ ਨੂੰ ਆਪਣੇ ਆਪ ਤੇ ਵਿਸ਼ਵਾਸ ਨਹੀਂ ਤੇ ਉਸ ਨੇ ਦਾਅ ਘਾਅ ਲਾਣਾ ਹੈ। ਸਪੱਸ਼ਟਵਾਦੀ ਹੋਣ ਨਾਲ ਮਨੁੱਖ ਹੌਲੇ ਭਾਰ ਰਹਿੰਦਾ ਹੈ। ਵਿਰੋਧ ਪ੍ਰਗਟ ਕਰੋ, ਪਰ ਉਹ ਠੋਸ ਕਾਰਨਾਂ ਤੇ ਸੁਚੱਜੇ ਬੋਲ ਚਾਲ ਤੇ ਨਿਰਭਰ ਹੋਵੇ।

ਰਾਜਨੀਤਕ ਅਨਾਚਾਰਾਂ ਨੂੰ ਉਹਨਾਂ ਆਪਣੇ ਧੜੇ ਦੇ ਪੱਖੋਂ ਕਦੇ ਨਹੀਂ ਸਲਾਹਿਆ। ਆਪਣੇ ਫ਼ੈਸਲੇ ਤੇ ਅਡੁਕ ਖਲੋਤੇ ਰਹਿਣਾ ਆਪ ਜੀ ਦੇ ਵਿਵਹਾਰ ਦਾ ਇਕ ਹੋਰ ਜ਼ਰੂਰੀ ਲੱਛਣ ਸੀ।

ਤੇ ਅਸੀਂ ਵੇਖਿਆ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਜਿਨ੍ਹਾਂ ਕਲਿਜੁਗ ਵਿਚ ਸਤਿਜੁਗੀ ਆਚਰਨ ਦੇ ਪਸਾਰ ਪ੍ਰਚਾਰ ਲਈ ਦਿਨ ਰਾਤ ਇਕ ਕੀਤੀ ਰੱਖਿਆ, ਜਿਨ੍ਹਾਂ ਆਪਣੇ ਬਚਨ ਅੰਮ੍ਰਿਤ ਨਾਲ ਪਾਪ ਗ੍ਰਸਤ ਤੇ ਪੈਰੋਂ ਪੈਰ ਮੁਰਝਾਂਦੇ ਲੱਖਾਂ ਲੋਕਾਂ ਨੂੰ ਸੁਰਜੀਤ ਕੀਤਾ, ਅੰਤ ਆਪ ਸਤਿਜੁਗੀ ਜੀਵਨ ਦੇ ਸੰਗਰਾਮ ਲਈ ਹੀ ਜੂਝਦਿਆਂ ਜਾਨ ਉੱਤੇ ਖੇਡ ਗਏ ।

ਸਤਿਗੁਰੂ ਪ੍ਰਤਾਪ ਸਿੰਘ ਜੀ ਸਾਡੇ ਵਿਚ ਨਹੀਂ ਪਰ ਉਹ ਆਪਣੇ ਉੱਚ ਆਚਾਰ ਅਤੇ ਸੁਥਰੇ ਵਿਵਹਾਰਕ ਜੀਵਨ ਸਦਕਾ ਸਦਾ ਹੀ ਸਾਡੇ ਹਿਰਦਿਆਂ ਵਿਚ ਪ੍ਰਕਾਸ਼ ਕਰਦੇ ਰਹਿਣਗੇ। ਉਹਨਾਂ ਦੀ ਅਬੁਝ ਜੀਵਨ-ਜੋਤ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਹਾਨ ਹੋਣੀਆਂ ਭਰੀ ਸ਼ਖ਼ਸੀਅਤ ਨਾਲ ਸਦਾ ਹੀ ਸਾਨੂੰ ਸੱਚੇ ਸੁੱਚੇ ਜੀਵਨ ਲਈ ਪ੍ਰੇਰਦੀ ਰਹੇਗੀ।

ਪ੍ਰਸ਼ਨ

1. ਮਨੁੱਖਾ ਦੇਹੀ ਦੀ ਉੱਤਮਤਾ ਬਾਰੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਕੀ ਬਚਨ ਹੈ?
2. ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਾਹਿਬਜ਼ਾਦਿਆਂ ਨਾਲ ਕਿਵੇਂ ਦਾ ਵਿਹਾਰ ਰੱਖਿਆ?
3. ਸੁੱਚੇ ਵਿਹਾਰ ਬਾਬਤ ਸਤਿਗੁਰੂ ਜੀ ਦੇ ਕੀ ਬਚਨ ਹਨ?
4. ਮਿੱਤਰਤਾ ਬਾਬਤ ਸਤਿਗੁਰੂ ਜੀ ਦੇ ਕੀ ਵਿਚਾਰ ਸਨ?
5. ਪੰਥਕ ਏਕਤਾ ਕਈ ਲਈ ਸਤਿਗੁਰੂ ਜੀ ਨੇ ਕੀ ਯਤਨ ਕੀਤੇ?
6. ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਹਾਰਕ ਪੱਖ ਬਾਰੇ ਆਪਣੇ ਸ਼ਬਦਾਂ ਵਿੱਚ ਲਿਖੋ।

ਸਰਬ ਕਲਾ ਸਮਰਥੁ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਹਰਪਾਲ ਸਿੰਘ 'ਸੇਵਕ'

ਸਤਿਗੁਰੂ ਸ਼ਬਦ 'ਸਤਿ' ਅਤੇ 'ਗੁਰੂ ਦਾ ਸੁਮੇਲ ਹੈ। ਅਗਿਆਨ ਦੇ ਹਨ੍ਹੇਰੇ ਵਿਚ ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਨੂੰ ਗੁਰੂ ਕਿਹਾ ਜਾਂਦਾ ਹੈ ਅਤੇ ਸਤਿ (ਸੱਚ) ਆਦਿ ਹੈ, ਸਦੀਵੀ ਹੈ, ਸੱਚ ਪ੍ਰਮਾਤਮਾ ਹੈ। ਜੀਵ ਨੂੰ ਸਤਿ ਨਾਲ ਜੁੜਨ ਦਾ ਗੁਰ ਦੱਸਣ ਵਾਲੇ ਪੁਰਖ ਨੂੰ 'ਸਤਿਗੁਰੂ' ਕਿਹਾ ਜਾਂਦਾ ਹੈ। ਸਤਿਗੁਰੂ ਹੰਕਾਰ ਅਤੇ ਦਵੈਤ ਦਾ ਤਿਆਗ ਕਰਕੇ, ਆਤਮਾ ਅਤੇ ਪਰ ਆਤਮਾ ਦਾ ਭੇਦ ਮਿਟਾ ਕੇ ਪਰਮ-ਆਤਮਾ ਨਾਲ ਜੁੜਨ ਦਾ ਮਾਰਗ ਦਰਸਾਉਂਦਾ ਹੈ। ਲੋਭ ਅਤੇ ਸਵਾਰਥ ਤਿਆਗਣ ਲਈ ਉਪਦੇਸ਼ ਦੇਂਦਾ ਹੈ। ਸੇਵਾ, ਸਿਮਰਨ ਅਤੇ ਪਰਉਪਕਾਰ ਹਿੱਤ ਜੀਵਨ ਅਰਪਣ ਲਈ ਪ੍ਰੇਰਦਾ ਹੈ।

ਇਹੋ ਉਪਦੇਸ਼ ਦਿਤਾ ਸੀ ਅੱਜ ਤੋਂ ਪੰਜ ਸਦੀਆਂ ਪਹਿਲੋਂ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ। ਆਪ ਨੇ ਅਧਿਆਤਮਵਾਦ ਨੂੰ ਜੰਗਲਾਂ ਬੇਲਿਆਂ ਅਤੇ ਗੁਫ਼ਾਵਾਂ 'ਚੋਂ ਕੱਢ ਕੇ ਗ੍ਰਹਿਸਤੀ ਜੀਵਨ ਵਿਚ ਲਿਆਂਦਾ। ਜਪ-ਤਪ ਅਤੇ ਤਿਆਗ ਦੇ ਨਾਲ ਕਿਰਤ, ਸੇਵਾ ਅਤੇ ਸਿਮਰਨ ਨੂੰ ਜੋੜਕੇ ਰਾਜ-ਜੋਗ ਦਾ ਮਾਰਗ ਚਲਾਇਆ। ਗੁਰੂ ਨਾਨਕ- "ਹਿੰਦੁਓਂ ਕੇ ਗੁਰੂ, ਮੁਸਲਮਾਨੋਂ ਕੇ ਪੀਰ ਕਰਕੇ ਪ੍ਰਸਿੱਧ ਹੋਏ। ਸਤਿਗੁਰੂ ਅੰਗਦ ਦੇਵ ਜੀ ਤੋਂ ਸਤਿਗੁਰੂ ਤੇਗ ਬਹਾਦੁਰ ਜੀ ਤੱਕ-ਸਤਿਗੁਰੂ ਸਾਹਿਬਾਨ ਨੇ ਕਠਿਨ ਘਾਲਨਾ ਘਾਲ ਕੇ ਸਿੱਖ ਪੰਥ ਦਾ ਮਾਰਗ ਦਰਸ਼ਨ ਕੀਤਾ। ਆਪਣੇ ਕਰਮ ਅਤੇ ਉਪਦੇਸ਼ ਦੁਆਰਾ ਸਿੱਖਾਂ ਵਿੱਚ ਪ੍ਰੇਮ, ਭਗਤੀ, ਪਰਉਪਕਾਰ, ਸੇਵਾ, ਸੂਰਬੀਰਤਾ ਅਤੇ ਕੁਰਬਾਨੀ ਦੀ ਭਾਵਨਾ ਪੈਦਾ ਕੀਤੀ। ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਸਿੱਖੀ-ਫੁੱਲਵਾੜੀ ਨੂੰ ਪਿਉਂਦ ਕਰਕੇ ਖ਼ਾਲਸੇ ਦਾ ਰੂਪ ਦਿੱਤਾ। ਖ਼ਾਲਸੇ ਨੂੰ ਨਿਆਰਾ ਰੂਪ ਬਖ਼ਸ਼ਿਆ। ਸਿੱਖ-ਰਾਜ ਸਮੇਂ ਧਨ, ਤਾਕਤ ਅਤੇ ਪ੍ਰਭੁਤਾ ਦੇ ਨਸ਼ੇ ਵਿੱਚ ਸਿੱਖ ਧਰਮ-ਕਰਮ ਛੱਡ, ਐਸ਼ਪ੍ਰਸਤ ਹੋ ਗਏ। ਅਣਗਿਣਤ ਕੁਰਬਾਨੀਆਂ ਕਰਕੇ ਪ੍ਰਾਪਤ ਕੀਤਾ ਰਾਜ ਗੁਆ ਲਿਆ। ਬਰਤਾਨਵੀ ਸਾਮਰਾਜ ਦੇ ਅਧੀਨ ਹੋ ਗਏ। ਸਤਿਗੁਰੂ ਰਾਮ ਸਿੰਘ ਜੀ ਸਿੱਖੀ ਬਾਗ਼ ਤੇ ਆਈ ਪੱਤਝੜ ਸਮੇਂ ਬਸੰਤ-ਬਹਾਰ ਬਣ ਪ੍ਰਗਟੇ। ਆਪ ਜੀ ਨੇ ਦਸਮੇਸ਼ ਜੀ ਦੇ ਸਿੱਖੀ ਸਰੂਪ ਨੂੰ ਪੁਨਰ ਸੁਰਜੀਤ ਕੀਤਾ। ਗੁਰਬਾਣੀ ਅਨੁਸਾਰ ਜੀਵਨ ਜੀਊਣ ਲਈ ਪ੍ਰੇਰਿਆ। ਸੁਤੰਤਰਤਾ ਦਾ ਮੂਲ-ਮੰਤਰ "ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨ" ਦ੍ਰਿੜ੍ਹ ਕਰਵਾਇਆ। ਆਪਣੇ ਗੌਰਵਮਈ ਵਿਰਸੇ ਤੋਂ ਜਾਣੂ ਕਰਵਾਇਆ। ਭਾਰਤ-ਵਰਸ਼ ਨੂੰ ਆਜ਼ਾਦ ਕਰਵਾਉਣ ਲਈ ਉਸ ਸਾਮਰਾਜ ਨਾਲ ਟੱਕਰ ਲਈ ਜਿਸ ਦੇ ਰਾਜ ਵਿੱਚ ਸੂਰਜ ਨਹੀਂ ਸੀ ਛਿਪਦਾ। ਅੰਗ੍ਰੇਜ਼ ਹਾਕਮਾਂ ਨੇ ਆਪਣੇ ਸਾਮਰਾਜ ਲਈ ਬਹੁਤ ਵੱਡਾ ਖ਼ਤਰਾ ਸਮਝ ਕੇ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼-ਨਿਰਵਾਸਿਤ ਕਰ ਦਿੱਤਾ। ਚੌਂਤੀ ਵਰ੍ਹੇ ਅੱਤ ਸਖ਼ਤੀਆਂ ਦੇ ਦੌਰ ਵਿੱਚ ਸਤਿਗੁਰੂ ਹਰੀ ਸਿੰਘ ਜੀ ਨੇ ਆਪਣੀ ਸੂਝ-ਬੂਝ ਅਤੇ ਧੀਰਜ ਨਾਲ ਆਜ਼ਾਦੀ ਦੀ ਜੋਤ ਨੂੰ ਜਗਦੀ ਰੱਖਿਆ। ਅੰਗ੍ਰੇਜ਼ ਸਰਕਾਰ ਨੇ ਨਾਮਧਾਰੀ ਸਿੱਖਾਂ ਤੇ ਅਕਹਿ ਅਤੇ ਅਸਹਿ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਭੈਣੀ ਸਾਹਿਬ ਸਥਾਈ ਪੁਲਿਸ ਚੌਂਕੀ ਬਿਠਾ ਦਿੱਤੀ। ਸਾਰੇ ਨਾਮਧਾਰੀ ਪੰਥ ਨੂੰ ਜਰਾਇਮਪੇਸ਼ਾ ਕਰਾਰ ਦੇ ਦਿੱਤਾ। ਫੇਰ ਹਰੀ ਦੇ ਤੇਜੱਸਵੀ ਪ੍ਰਤਾਪ ਨੇ ਪੰਥ ਦੀ ਵਾਗਡੋਰ ਸੰਭਾਲੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮ-ਬਾਣੀ ਅਤੇ ਸੁੱਚ-ਸੋਧ ਦਾ ਪ੍ਰਵਾਹ ਚਲਾਇਆ। ਬਰਤਾਨਵੀ ਹਾਕਮਾਂ ਦੇ ਪੁਰਾਣੇ ਅਤੇ ਕਾਰਆਮਦ ਹਥਿਆਰ "ਪਾੜੋ ਤੇ ਰਾਜ ਕਰੋ" ਨੂੰ ਬੇਅਸਰ ਕਰਨ ਲਈ ਅਤੇ ਭਾਈਚਾਰਕ ਸਦਭਾਵਨਾ ਕਾਇਮ ਕਰਨ ਲਈ ਮਿਲਾਪ ਕਾਨਫਰੰਸਾਂ ਕੀਤੀਆਂ। ਦੇਸ਼ ਦੀ ਆਜ਼ਾਦੀ ਲਈ ਜੂਝ ਰਹੀਆਂ ਸਾਰੀਆਂ ਜਥੇਬੰਦੀਆਂ ਨੂੰ ਸਹਿਯੋਗ ਦਿੱਤਾ, ਸਮੇਂ-ਸਮੇਂ ਸਿਰ ਅਗਵਾਈ ਕੀਤੀ ਅਤੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਭਰਪੂਰ ਹਿੱਸਾ ਪਾਇਆ।

ਇਸੇ ਗੌਰਵਮਈ ਗੁਰੂ-ਪਰੰਪਰਾ ਦੇ ਜਾਂਨਸ਼ੀਨ ਸਨ ਸਤਿਗੁਰੂ ਜਗਜੀਤ ਸਿੰਘ ਜੀ।ਆਪ ਨੇ ਵਿਸ਼ਵ ਭਰ ਵਿੱਚ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ ਸੇਵਾ, ਸਿਮਰਨ ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ ਪ੍ਰਚਾਰਿਆ ਪ੍ਰਸਾਰਿਆ ਹੈ ਨਾਲ ਸ੍ਰੀ ਸਤਿਗੁਰੂ

ਜਗਜੀਤ ਸਿੰਘ ਜੀ ਦਾ ਜਨਮ ਵੀ ਭਗਵਾਨ ਕ੍ਰਿਸ਼ਨ ਜੀ ਦੀ ਤਰ੍ਹਾਂ ਕਾਰਾਵਾਸ ਵਿੱਚ ਹੀ ਹੋਇਆ। ਪਿਤਾ ਸਤਿਗੁਰੂ ਪ੍ਰਤਾਪ ਸਿੰਘ ਅਤੇ ਮਾਤਾ ਭੁਪਿੰਦਰ ਕੌਰ ਦੇ ਗ੍ਰਹਿ ਵਿਖੇ ਸ੍ਰੀ ਭੈਣੀ ਸਾਹਿਬ ਦੀ ਪਾਵਨ ਧਰਤੀ 'ਤੇ 8 ਮੱਘਰ 1977 ਬਿ. ਕੱਤਕ ਸੁਦੀ ਇਕਾਦਸ਼ੀ (22 ਨਵੰਬਰ, 1920) ਨੂੰ ਅੰਮ੍ਰਿਤ ਵੇਲੇ ਚਾਰ ਵਜੇ ਆਪ ਜੀ ਦਾ ਪ੍ਰਕਾਸ਼ ਹੋਇਆ। ਗੁਰਮੁਖੀ ਅੱਖਰਾਂ ਦੀ ਪਛਾਣ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਤਖ਼ਤੀ 'ਤੇ ਪੂਰਨੇ ਪਾਕੇ ਆਪ ਕਰਵਾਈ। ਸ਼ਾਸਤਰੀ ਸੰਗੀਤ ਅਤੇ ਗੁਰਮਤਿ ਕੀਰਤਨ ਦੀ ਸਿੱਖਿਆ ਉਸਤਾਦ ਹਰਨਾਮ ਸਿੰਘ ਜੀ ਚਵਿੰਡੇ ਵਾਲਿਆਂ ਪਾਸੋਂ ਸਾਢੇ ਚਾਰ ਸਾਲ ਦੀ ਉਮਰ ਵਿੱਚ ਸਿੱਖਣੀ ਸ਼ੁਰੂ ਕੀਤੀ। ਮੁੱਢਲੀ ਅਤੇ ਉਚੇਰੀ ਵਿੱਦਿਆ ਗੁਰਮਤਿ ਵਿਦਿਆਲਾ ਸ੍ਰੀ ਭੈਣੀ ਸਾਹਿਬ ਵਿਖੇ ਹੀ ਪ੍ਰਾਪਤ ਕੀਤੀ। ਇਸ ਵਿਦਿਆਲੇ ਵਿੱਚ ਪੰਜਾਬੀ, ਹਿੰਦੀ, ਅੰਗੇਜ਼ੀ ਦੇ ਨਾਲ ਸੰਸਕ੍ਰਿਤ ਵੀ ਪੜ੍ਹਾਈ ਜਾਂਦੀ ਸੀ। ਗੁਰਬਾਣੀ ਦਾ ਜ਼ੁਬਾਨੀ ਅਤੇ ਵੇਖ ਕੇ ਸ਼ੁੱਧ ਪਾਠ, ਸ਼ਾਸਤ੍ਰੀ ਸੰਗੀਤ ਅਤੇ ਗੁਰਮਤਿ ਕੀਰਤਨ ਦੀ ਸਿੱਖਿਆ, ਪਿੰਗਲ ਦਾ ਗਿਆਨ, ਬਾਗ਼ਬਾਨੀ ਅਤੇ ਦਸਤਕਾਰੀ ਵੀ ਸਿਖਾਈ ਜਾਂਦੀ ਸੀ। ਇਹ ਵਿਦਿਆਲਾ ਪੁਰਾਤਨ ਰਿਸ਼ੀਆਂ ਮੁਨੀਆਂ ਦੇ ਆਸ਼ਰਮਾਂ ਵਰਗਾ ਸੀ ਜਿਥੇ ਗੁਰੂ-ਸਪੁੱਤ੍ਰ ਵੀ ਬਾਕੀ ਸਹਿਪਾਠੀਆਂ ਵਾਂਗ ਹੀ ਵਿਚਰਦੇ ਸਨ। ਆਪ ਸਾਥੀਆਂ ਨਾਲ ਘੁਲਦੇ, ਕਬੱਡੀ, ਖਿੱਦੋ-ਖੂੰਡੀ, ਫੁੱਟਬਾਲ ਅਤੇ ਗਤਕਾ ਖੇਡਦੇ, ਤੇਜ਼ ਪਾਣੀਆਂ ਵਿੱਚ ਤੈਰਦੇ। ਘੋੜ-ਸਵਾਰੀ ਅਤੇ ਪੋਲੋ ਵੀ ਖੇਡਦੇ। ਗਊਆਂ, ਮੱਝਾਂ ਅਤੇ ਘੋੜਿਆਂ ਦੀ ਸਾਂਭ-ਸੰਭਾਲ ਅਤੇ ਇਲਾਜ ਦੀ ਜਾਣਕਾਰੀ ਵੀ ਪ੍ਰਾਪਤ ਕਰਦੇ। ਇਸੇ ਸਮੇਂ ਨਾਮਧਾਰੀ ਸਮਾਜ ਵਿੱਚ ਆਪ ਜੀ ਨੂੰ 'ਬੇਅੰਤ ਜੀ' ਕਹਿ ਕੇ ਸਤਿਕਾਰਿਆ ਜਾਂਦਾ ਸੀ।

ਯੁਵਾ-ਅਵਸਥਾ ਵਿੱਚ ਆਪ ਜੀ ਨੇ ਪਿਤਾ-ਸਤਿਗੁਰੂ ਜੀ ਦੀ ਆਗਿਆ ਅਨੁਸਾਰ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਕੰਮਾਂ ਵਿੱਚ ਪੂਰੀ ਸਰਗਰਮੀ ਨਾਲ ਭਾਗ ਲੈਣਾ ਸ਼ੁਰੂ ਕੀਤਾ। ਬਰਤਾਨਵੀ ਸਾਮਰਾਜ ਵਿਰੋਧੀ ਦੇਸ਼-ਭਗਤ ਜਥੇਬੰਦੀਆਂ ਨੂੰ ਸਹਿਯੋਗ ਦਿੰਦੇ ਜਲੂਸਾਂ ਵਿੱਚ ਸ਼ਾਮਲ ਹੁੰਦੇ, ਜਲਸਿਆਂ ਦਾ ਪ੍ਰਬੰਧ ਕਰਦੇ। ਰਾਜਸੀ ਨੇਤਾਵਾਂ ਨਾਲ ਵਿਚਾਰ ਵਟਾਂਦਰੇ ਕਰਦੇ। ਮੇਲਿਆਂ ਦਾ ਪ੍ਰਬੰਧ ਕਰਦੇ ਅਤੇ ਹੁਕਮ ਅਨੁਸਾਰ ਧਰਮ ਪ੍ਰਚਾਰ ਲਈ ਦੌਰੇ ਵੀ ਕਰਦੇ। ਸੰਗਤ ਆਪ ਜੀ ਨੂੰ ਵੱਡੇ ਬਾਬਾ ਜੀ ਕਹਿ ਕੇ ਸਤਿਕਾਰਦੀ। ਪਾਕਿਸਤਾਨ ਬਣਨ ਤੋਂ ਪਹਿਲੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਦੇਸ਼ ਦੀ ਵੰਡ ਹੋਵੇਗੀ, ਤੁਸੀਂ ਘੱਟੋ-ਘੱਟ ਰਾਵੀਓਂ ਪਾਰ ਹੋ ਜਾਓ। ਆਪਣੇ ਸਿੱਖਾਂ ਨੂੰ ਵਸਾਉਣ ਲਈ ਸਿਰਸੇ ਜ਼ਿਲ੍ਹੇ ਵਿੱਚ ਹਜ਼ਾਰਾਂ ਏਕੜ ਜ਼ਮੀਨ ਖ਼ਰੀਦ ਲਈ। ਜਦੋਂ ਬਾਕੀ ਰਿਆਸਤਾਂ ਟੁੱਟ ਗਈਆਂ। ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਸਿੱਖਾਂ ਦੀ ਰਿਆਸਤ ਬਣਾ ਦਿੱਤੀ। ਸ੍ਰੀ ਜੀਵਨ ਨਗਰ ਇਲਾਕੇ ਦੇ ਖ੍ਰੀਦਣ ਅਤੇ ਵਸਾਉਣ ਵਿੱਚ ਵੱਡੇ ਬਾਬਾ ਜੀ ਦੀ ਮੁੱਖ ਜ਼ਿੰਮੇਵਾਰੀ ਅਤੇ ਅਹਿਮ ਭੂਮਿਕਾ ਸੀ।

ਸੰਨ 1947 ਈ. ਦੇਸ਼ ਦੀ ਵੰਡ ਸਮੇਂ, ਜਦੋਂ ਸੰਪਰਦਾਇਕ ਦੰਗੇ ਹੋ ਰਹੇ ਸਨ, ਗੋਲੀਆਂ ਚੱਲ ਰਹੀਆਂ ਸਨ, ਅੱਗਾਂ ਲੱਗ ਰਹੀਆਂ ਸਨ। ਇੱਜ਼ਤਾਂ ਲੁੱਟੀਆਂ ਜਾ ਰਹੀਆਂ ਸਨ। ਲੋਕਾਈ ਤ੍ਰਾਹ-ਤ੍ਰਾਹ ਕਰ ਰਹੀ ਸੀ। ਸਾਡੇ ਰਾਸ਼ਟਰੀ ਨੇਤਾ ਦੰਗਿਆਂ ਦਾ ਵਿਰੋਧ ਕਰਨ ਲਈ ਭੁੱਖ ਹੜਤਾਲਾਂ ਕਰਕੇ ਆਪਣੇ ਆਪ ਨੂੰ ਤਸੱਲੀ ਦੇ ਰਹੇ ਸਨ। ਉਸ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਵੱਡੇ ਬਾਬਾ ਜੀ ਦਿਨ ਰਾਤ ਇਕ ਕਰਕੇ ਲੋਕਾਂ ਨੂੰ ਮੌਤ ਦੇ ਮੂੰਹ ਵਿੱਚੋਂ ਬਚਾ ਰਹੇ ਸਨ। ਪਾਕਿਸਤਾਨ 'ਚੋਂ ਕੱਢ ਕੇ ਲਿਆ ਰਹੇ ਸਨ। ਉੱਜੜਿਆਂ ਨੂੰ ਵਸਾ ਰਹੇ ਸਨ। ਇਨ੍ਹਾਂ ਦੰਗਿਆਂ ਸਮੇਂ ਹਿੰਦੂ-ਸਿੱਖਾਂ ਨੇ ਹਿੰਦੂ-ਸਿੱਖਾਂ ਦੀ ਅਤੇ ਮੁਸਲਮਾਨਾਂ ਨੇ ਮੁਸਲਮਾਨਾਂ ਦੀ ਸਹਾਇਤਾ ਤਾਂ ਕੀਤੀ ਪਰ ਇਹ ਸਰਬ-ਸਾਂਝੇ ਪਾਤਸ਼ਾਹ ਦਾ ਦਰ ਹੀ ਸੀ ਜਿਥੋਂ ਮੁਸਲਮਾਨ ਕਾਫ਼ਲਿਆਂ ਦੀ ਸਹਾਇਤਾ ਵੀ ਆਪਣਿਆਂ ਵਾਂਗ ਕੀਤੀ ਗਈ। ਸ੍ਰੀ ਭੈਣੀ ਸਾਹਿਬ ਨੇੜਿਓਂ ਲੰਘਣ ਵਾਲੇ ਮੁਸਲਮਾਨਾਂ ਦੇ ਕਾਫ਼ਲੇ ਲੰਗਰ 'ਚੋਂ ਪ੍ਰਸ਼ਾਦਾ ਛਕ ਕੇ ਜਾਂਦੇ। ਸ੍ਰੀ ਜੀਵਨ ਨਗਰ ਇਲਾਕੇ ਵਿੱਚੋਂ ਕਿਸੇ ਇੱਕ ਵੀ ਮੁਸਲਮਾਨ ਦਾ ਜਾਨੀ-ਮਾਲੀ ਨੁਕਸਾਨ ਨਹੀਂ ਹੋਇਆ, ਸਗੋਂ ਯਥਾ-ਯੋਗ ਅੰਨ-ਜਲ ਦੀ ਸੇਵਾ ਕੀਤੀ ਗਈ।

ਸੰਨ 1947 ਤੋਂ 1950 ਈ. ਤੱਕ ਤਿੰਨ ਵਰ੍ਹੇ ਸ੍ਰੀ ਜੀਵਨ ਨਗਰ ਇਲਾਕੇ ਦੇ ਕਰੀਬ ਵੀਹ ਪਿੰਡਾਂ ਦੀ ਖੇਤੀ ਸਾਂਝੀ ਕੀਤੀ

ਗਈ। ਸਾਂਝੀ ਖੇਤੀ ਦੀ ਬਿਜਾਈ-ਵਢਾਈ ਅਤੇ ਵੰਡ ਦੀ ਜ਼ੁੰਮੇਵਾਰੀ ਪਿਤਾ-ਸਤਿਗੁਰੂ ਦੇ ਹੁਕਮ ਅਨੁਸਾਰ ਵੱਡੇ ਬਾਬਾ ਜੀ ਨੇ ਬੜੀ ਸੂਝ-ਬੂਝ ਅਤੇ ਸੁਚੱਜਤਾ ਨਾਲ ਨਿਭਾਈ।

ਵੱਡੇ ਬਾਬਾ ਜੀ ਨੇ 39 ਵਰ੍ਹੇ ਇੱਕ ਸਿਦਕੀ ਅਤੇ ਪੂਰਨ ਗੁਰਸਿੱਖ ਦੀ ਤਰ੍ਹਾਂ ਸਤਿਗੁਰੂ ਹੁਕਮ ਦੀ ਕਾਰ ਵਿੱਚ ਰਹਿੰਦਿਆਂ ਬਿਤਾਏ। ਅਜਿਹੀਆਂ ਅਨੇਕਾਂ ਘਟਨਾਵਾਂ ਹਨ ਜੋ ਆਪ ਨੂੰ ਲਹਿਣਾ ਜੀ ਵਾਂਗ ਇਸ ਰਾਜ-ਜੋਗ ਗੱਦੀ ਦਾ ਉਤਰਾਧਿਕਾਰੀ ਠਹਿਰਾਉਂਦੀਆਂ ਹਨ।

ਬਾਲ ਅਵਸਥਾ ਵਿੱਚ ਇੱਕ ਸਿੱਖ ਦੇ ਪੁੱਛਣ ਤੇ ਕਿ ਆਪਦਾ ਨਾਮ ਕੀ ਹੈ? ਜੁਆਬ ਸੀ:

ਅਗਸਤ ਆਦਿ ਜੇ ਬਡੇ ਤਪਸਤਪੀ ਬਿਸੇਖੀਐ॥
ਬਿਅੰਤ ਬਿਅੰਤ ਬਿਅੰਤ ਕੋ ਕਰੰਤ ਪਾਠ ਪੇਖੀਐ॥

ਤੁਕਾਂ ਸੁਣਾ ਦੇਣੀਆਂ, ਸੰਕੇਤ ਸੀ ਆਪ ਦੇ ਈਸ਼ਵਰੀ ਅਵਤਾਰ ਹੋਣ ਦਾ।

ਇਕ ਸਾਧੂ (ਮੰਗਤ ਸਿੰਘ ਰਾਮਟਾਹਲੀ) ਦੇ ਚਿਤਵਣ ਤੇ - ਕਿ ਜੇ ਸਾਹਿਬਜ਼ਾਦਾ ਕਲਾ ਵਾਲਾ ਹੈ ਤਾਂ ਮੇਰੀ ਕੁਟੀਆ ਵਿੱਚ ਆ ਕੇ ਦਰਸ਼ਨ ਦੇਵੇ। ਉਸ ਵੇਲੇ ਉਸ ਸਾਧੂ ਦੀ ਕੁਟੀਆ ਵਿੱਚ ਜਾ ਕੇ ਇੱਕ ਬੂਟੀ ਪੁੱਟਣ ਲਈ ਰੰਬੀ ਮੰਗਣ ਦੇ ਬਹਾਨੇ ਉਸਨੂੰ ਦਰਸ਼ਨ ਦਿੱਤੇ।

ਸਾਰਿਆਂ ਦੇ ਸੌਂ ਜਾਣ ਤੋਂ ਬਾਅਦ ਬਾਹਰ ਚਲੇ ਜਾਣਾ। ਜੀਵਨ ਨਗਰ ਸਰੋਵਰ ਕੰਢੇ ਪਈ ਇੱਕ ਲੱਕੜ 'ਤੇ ਬੈਠ ਕੇ ਸਾਰੀ ਸਾਰੀ ਰਾਤ ਨਾਮ ਜਪਣਾ ਅਤੇ ਅੰਮ੍ਰਿਤ ਵੇਲੇ ਸਭ ਦੇ ਜਾਗਣ ਤੋਂ ਪਹਿਲੋਂ ਆ ਜਾਣਾ।

ਮੇਲਿਆਂ ਵਿੱਚ ਅੰਮ੍ਰਿਤ ਵੇਲੇ ਸਿੱਖਾਂ ਸਾਧਾਂ ਦਾ ਇਸ਼ਨਾਨ ਕਰਵਾਉਣਾ, ਲੰਗਰ ਵਿੱਚ ਪ੍ਰਸ਼ਾਦੇ ਪਕਾਉਣੇ, ਸੰਗਤ ਦੇ ਜੂਠੇ ਭਾਂਡੇ ਮਾਂਜਣ ਦੀ ਸੇਵਾ ਕਰਨੀ, ਕਈ-ਕਈ ਰਾਤਾਂ ਜਾਗ ਕੇ ਮੇਲਿਆਂ ਦੇ ਪ੍ਰਬੰਧ ਦੀ ਜ਼ੁੰਮੇਵਾਰੀ ਨਿਭਾਉਣੀ। ਗੁਰੂ-ਹੁਕਮ ਅਨੁਸਾਰ ਧਰਮ ਪ੍ਰਚਾਰ ਲਈ ਦੌਰੇ ਕਰਨੇ, ਸਿੱਖਾਂ ਦੇ ਆਪਸੀ ਝਗੜਿਆਂ ਦੇ ਫ਼ੈਸਲੇ ਕਰਨੇ। ਸਾਧਾਂ ਦੇ ਸ਼ੰਕੇ ਨਵਿਰਤ ਕਰਨੇ ਅਤੇ ਗੁਰਸਿੱਖੀ ਦਾ ਸਾਰ ਸਮਝਾਉਣਾ। ਇੱਕ ਵਾਰ ਸੰਤ ਤਰਨ ਸਿੰਘ ਵਹਿਮੀ ਦੇ ਪੁੱਛਣ ਤੇ ਕਿ ਮੈਨੂੰ ਦੱਸੋ ਸਿੱਖੀ ਕੀ ਹੈ? ਗੁਰੂ ਅਤੇ ਸਿੱਖ ਦਾ ਕੀ ਸਬੰਧ ਹੈ? ਆਪ ਜੀ ਨੇ ਸਮਝਾਇਆ, "ਸਿੱਖ ਇੱਕ ਅਣਜਾਣ ਬਾਲਕ ਵਾਂਗ ਅਤੇ ਸਤਿਗੁਰੂ ਪਿਤਾ ਵਾਂਗ ਹੈ, ਜਿਵੇਂ ਪਿਤਾ ਉਂਗਲੀ ਫੜ ਕੇ ਰੱਖੇ ਤਦ ਹੀ ਬਾਲ ਮੇਲੇ ਦਾ ਆਨੰਦ ਲੈ ਸਕਦਾ ਹੈ। ਸਿੱਖ ਤਾਂ ਹੀ ਸਿੱਖੀ ਵਿੱਚ ਕਾਇਮ ਰਹਿ ਸਕਦਾ ਹੈ ਜੇ ਸਤਿਗੁਰੁ ਸਿੱਖ ਦੇ ਸਿਰ 'ਤੇ ਮਿਹਰ ਭਰਿਆ ਹੱਥ ਰੱਖੇ।"

ਪਿਤਾ-ਸਤਿਗੁਰੂ ਵੱਲੋਂ ਸਥਾਪਿਤ ਕੀਤੇ ਮੁਖ਼ਤਿਆਰਾਂ ਦੀ ਆਗਿਆ ਹਮੇਸ਼ਾ ਸਤਿ ਬਚਨ ਕਰਕੇ ਮੰਨਣੀ, ਸਖ਼ਤੀਆਂ ਖਿੜੇ ਮੱਥੇ ਸਹਿਨ ਕਰਨੀਆਂ, ਕਦੇ ਵੀ ਸਾਹਿਬਜ਼ਾਦਾ ਹੋਣ ਦਾ ਵਿਸ਼ੇਸ਼ ਅਧਿਕਾਰ ਨਾ ਜਤਾਉਣਾ।

ਇੱਕ ਵੇਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਸਤਾਦ ਨੱਥਾ ਸਿੰਘ ਨੂੰ ਹੁਕਮ ਕੀਤਾ ਕਿ ਵੱਡੇ ਕਾਕੇ ਨੂੰ ਪੁੱਛ ਲਵੀਂ, "ਮੈਂ ਸਭ ਨੂੰ ਜ਼ਮੀਨਾਂ ਦਿੱਤੀਆਂ ਹਨ, ਫੇਰ ਨਾ ਕਹੇ ਮੈਨੂੰ ਕੀ ਦਿੱਤਾ ਹੈ? ਕੁੱਝ ਚਾਹੀਦਾ ਹੈ ਤਾਂ ਹੁਣ ਦੱਸ ਦੇਵੇ।" ਜੁਆਬ ਵਿੱਚ ਆਪਨੇ ਕਛਹਿਰੇ ਨੂੰ ਹੱਥ ਲਾਕੇ ਕਿਹਾ ਕਿ "ਮੈਨੂੰ ਤਾਂ ਇਹ ਕੱਛ ਹੀ ਚਾਹੀਦੀ ਹੈ।" ਇਸ ਬਾਰੇ ਅਟੱਲ ਪ੍ਰਤਾਪੀ ਸਤਿਗੁਰੂ ਜੀ ਨੇ ਫ਼ੁਰਮਾਇਆ ਕਿ ਮੈਨੂੰ ਵੀ ਕਾਕੇ ਤੋਂ ਇਹੀ ਆਸ ਸੀ ਕਿ ਉਹ ਸਿੱਖੀ ਹੀ ਮੰਗੇਗਾ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਦੋ ਕੁ ਮਹੀਨੇ ਪਹਿਲੋਂ ਦਿੱਲੀਓਂ ਕਾਰ ਵਿੱਚ ਆਉਂਦਿਆਂ ਸ. ਕੇਹਰ ਸਿੰਘ ਮਾਨ ਨੇ ਅਰਜ਼ ਕੀਤੀ, "ਸੱਚੇ ਪਾਤਸ਼ਾਹ, ਆਪ ਜੀ ਦੀ ਸਿਹਤ ਢਿੱਲੀ ਰਹਿੰਦੀ ਹੈ। ਪੰਥ ਨੂੰ ਅਜੇ ਆਪ ਦੀ ਬੜੀ ਲੋੜ ਹੈ।"

"ਮੈਨੂੰ ਕੋਈ ਚਿੰਤਾ ਨਹੀਂ, ਵੱਡਾ ਕਾਕਾ ਪੰਥ ਦੀ ਸੰਭਾਲ-ਜੋਗ ਸਮਰੱਥ ਹੈ।" ਅੱਟਲ ਪ੍ਰਤਾਪੀ ਸਤਿਗੁਰੂ ਜੀ ਨੇ ਤਸੱਲੀ

ਪ੍ਰਗਟਾਉਂਦਿਆਂ ਜੁਆਬ ਦਿੱਤਾ।

ਸ੍ਰੀ ਜੀਵਨ ਨਗਰੋਂ ਆਖ਼ਰੀ ਵੇਰ ਸ੍ਰੀ ਭੈਣੀ ਸਾਹਿਬ ਵੱਲ ਜਾਣ ਸਮੇਂ 26 ਵੈਸਾਖ 2016 ਬਿਕ੍ਰਮੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਗਤ ਨੂੰ ਤਾੜਨਾ ਵੀ ਕੀਤੀ ਕਿ ਏਥੇ (ਡੇਰੇ ਵਿੱਚ) ਉਹ ਹੀ ਰਹੇ ਜਿਸ ਨੇ ਵੱਡੇ ਕਾਕੇ ਦੇ ਹੁਕਮ ਵਿੱਚ ਚੱਲਣਾ ਹੈ। ਹੁਣ ਸਭ ਅਖ਼ਤਿਆਰ ਇਸੇ ਪਾਸ ਹਨ।

5-6 ਸਾਉਣ 2016 ਬਿਕ੍ਰਮੀ ਸ੍ਰੀ ਭੈਣੀ ਸਾਹਿਬ ਵਿਖੇ ਗੋਲ ਮੰਦਰ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੱਡੇ ਬਾਬਾ ਜੀ ਦੀ ਯੋਗਤਾ, ਸਦਗੁਣਾਂ ਅਤੇ ਪੰਥ ਨੂੰ ਸੰਭਾਲਣ ਦੀ ਸਮਰੱਥਾ ਨੂੰ ਵੇਖਦਿਆਂ ਹੋਇਆਂ ਆਪਣੇ ਪਾਸ ਬੁਲਾਇਆ। ਸੰਤ ਰਤਨ ਸਿੰਘ ਹਜ਼ੂਰੀ ਸੇਵਕ ਨੂੰ ਹੁਕਮ ਕਰਕੇ ਚੌਂਕੀ ਮੰਗਵਾਈ। ਚੌਂਕੀ 'ਤੇ ਬੈਠਣ ਦਾ ਹੁਕਮ ਕੀਤਾ। ਪੰਥ ਦੀਆਂ ਜ਼ਿੰਮੇਵਾਰੀਆਂ ਸਮਝਾਉਂਦਿਆਂ ਫ਼ੁਰਮਾਇਆ, "ਭਾਵੇਂ ਕੋਠਿਆਂ ਦੀਆਂ ਕੜੀਆਂ ਵਿਕ ਜਾਣ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਆਰੰਭੇ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਸਵਾ ਲੱਖ ਪਾਠ ਜ਼ਰੂਰ ਸਿਰੇ ਚਾੜ੍ਹਨੇ।"

ਇਸ ਸਮੇਂ ਹਾਲਾਤ ਬੜੇ ਨਾਜ਼ੁਕ ਸਨ। ਕੁਝ ਗੁਰੂ ਦੋਖੀਆਂ ਅਤੇ ਸਵਾਰਥੀ ਰਾਜਨੀਤਿਕ ਵਿਅਕਤੀਆਂ ਵੱਲੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਕਰੀਬ 22 ਮੁਕੱਦਮੇ ਕੀਤੇ ਗਏ ਸਨ। ਉਹ ਰਾਜਨੇਤਾ ਇਕੱਠੇ ਬੈਠੇ ਸਿੱਖਾਂ ਨੂੰ ਅਲੱਗ-ਅਲੱਗ ਕਰਨਾ ਚਾਹੁੰਦੇ ਸਨ। ਉਹ ਚਾਹੁੰਦੇ ਸਨ ਕਿ ਸਤਿਗੁਰੂ ਜੀ ਨੂੰ ਕਚਹਿਰੀ ਵਿੱਚ ਲਿਜਾਇਆ ਜਾਵੇ। ਸ੍ਰੀ ਸਤਿਗੁਰੂ ਜੀ ਹੁਕਮ ਕਰਦੇ ਸਨ ਕਿ ਇਹ ਝੂਠੀ ਕਚਹਿਰੀ ਹੈ, ਮੈਂ ਨਹੀਂ ਇਸ ਵਿੱਚ ਜਾਣਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਾਰਾ ਜੀਵਨ ਹੀ ਸੰਘਰਸ਼ ਕਰਦਿਆਂ ਗੁਜ਼ਰਿਆ। ਪਹਿਲੋਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਵਿਦੇਸ਼ੀ ਸਰਕਾਰ ਨਾਲ ਸੰਘਰਸ਼, ਫੇਰ ਦੇਸ਼ ਦੀ ਵੰਡ ਸਮੇਂ ਉੱਜੜ ਕੇ ਆਇਆਂ ਨੂੰ ਵਸਾਉਣ ਲਈ ਸੰਘਰਸ਼ ਅਤੇ ਅਖ਼ੀਰ ਵਿੱਚ ਆਪਣੇ ਹੀ ਕੁਝ ਸਵਾਰਥੀ ਲੋਕਾਂ ਵਲੋਂ ਬੇਵਜ਼ਾ ਕੀਤੇ ਮੁਕੱਦਮਿਆਂ ਨੂੰ ਨਜਿੱਠਣ ਲਈ ਸੰਘਰਸ਼ ਵੱਡੇ ਬਾਬਾ ਜੀ ਵਿਸ਼ੇਸ਼ ਪਾਤਰ ਰਹੇ, ਅਟੱਲ ਪ੍ਰਤਾਪੀ ਜੀ ਦੇ ਇਸ ਸੰਘਰਸ਼ਮਈ ਜੀਵਨ ਦੇ। ਐਸੇ ਨਾਜ਼ੁਕ ਹਾਲਾਤ ਵਿੱਚ ਹੀ 5-6 ਭਾਦਰੋਂ ਦੀ ਰਾਤ ਸੰਮਤ 2016 ਬਿ. (ਸੰ. 1959 ਈ.) ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜੋਤੀ ਜੋਤ ਸਮਾ ਗਏ। ਵੱਡੇ ਬਾਬਾ ਜੀ ਨੇ ਸਤਿਗੁਰੂ ਰੂਪ ਵਿੱਚ ਪੰਥ ਦੀ ਵਾਗਡੋਰ ਸੰਭਾਲੀ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰਗੱਦੀ 'ਤੇ ਬਿਰਾਜਮਾਨ ਹੋ ਕੇ,

- ਗੁਰੂ ਘਰ ਪ੍ਰਤੀ ਵਿਰੋਧ ਨੂੰ ਖ਼ਤਮ ਕੀਤਾ।
- ਵਿਰੋਧੀਆਂ ਨੂੰ ਸ਼ਾਂਤ ਕੀਤਾ।
- ਰੁੱਸਿਆਂ ਨੂੰ ਮਨਾਇਆ
- ਆਪਣਿਆਂ ਨੂੰ ਥਾਪੜਾ ਬਖ਼ਸ਼ ਕੇ ਵਿਕਾਸ ਦੇ ਰਸਤੇ 'ਤੇ ਤੋਰਿਆ।
- ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਆਰੰਭੇ ਕਾਰਜਾਂ ਨੂੰ ਅੱਗੇ ਤੋਰਿਆ।
- ਨਾਮ ਬਾਣੀ ਦਾ ਪ੍ਰਵਾਹ ਚਲਾਇਆ।
- ਸਰਬਪੱਖੀ ਵਿਕਾਸ ਲਈ ਕਾਰਜ ਆਰੰਭੇ।
- ਨਵੀਆਂ ਲੀਹਾਂ ਪਾਈਆਂ।
- ਨੌਜੁਆਨ ਪੀੜੀ ਨੂੰ ਧਰਮ ਅਤੇ ਵਿਰਸੇ ਨਾਲ ਜੋੜਨ ਲਈ ਯਤਨ ਅਰੰਭੇ।
- ਸਾਹਿਤ, ਸੰਗੀਤ, ਖੇਡਾਂ, ਬਾਗਬਾਨੀ ਅਤੇ ਬੀਜ ਉਤਪਾਦਨ ਵਿੱਚ ਸਿੱਖੀ ਸਰੂਪ ਦੀ ਮਾਣ ਯੋਗ ਪਛਾਣ ਬਣਾਈ।
- ਵਿਸ਼ਵ ਪੱਧਰੀ ਸਮਾਗਮਾਂ ਵਿੱਚ ਸਿੱਖ-ਧਰਮ ਅਤੇ ਭਾਰਤ ਵਰਸ਼ ਦੀ ਪ੍ਰਤੀਨਿੰਧਤਾ ਕਰਨ ਲੱਗੇ।
- ਲੋਕਾਈ ਨੂੰ ਅਮਨ, ਏਕਤਾ ਅਤੇ ਭਾਈਚਾਰਕ ਸਦਭਾਵਨਾ ਦਾ ਸੰਦੇਸ਼ ਦੇਣ ਲਈ ਵਿਸ਼ਵ ਦੌਰੇ ਸ਼ੁਰੂ ਕੀਤੇ।

– ਵਿਸ਼ਵ ਪੱਧਰੀ ਸਮਾਗਮਾਂ ਵਿੱਚ ਸਿੱਖ-ਧਰਮ ਅਤੇ ਭਾਰਤ ਵਰਸ਼ ਦੀ ਪ੍ਰਤੀਨਿੱਧਤਾ ਕਰਨ ਲੱਗੇ।
– ਲੋਕਾਈ ਨੂੰ ਅਮਨ, ਏਕਤਾ ਅਤੇ ਭਾਈਚਾਰਕ ਸਦਭਾਵਨਾ ਦਾ ਸੰਦੇਸ਼ ਦੇਣ ਲਈ ਵਿਸ਼ਵ ਦੌਰੇ ਸ਼ੁਰੂ ਕੀਤੇ।

ਆਪ ਜੀ ਨੇ ਸਭ ਤੋਂ ਪਹਿਲਾਂ ਸੁਖਾਵਾਂ ਵਾਤਾਵਰਣ ਪੈਦਾ ਕਰਨ ਲਈ ਵਿਰੋਧ ਨੂੰ ਖ਼ਤਮ ਕੀਤਾ। ਵਿਰੋਧੀਆਂ ਨੂੰ ਆਪਣੀ ਗਲਤੀ ਦਾ ਅਹਿਸਾਸ ਕਰਵਾਇਆ। ਸੰਤ ਨਗਰ ਹੋਲੇ ਮਹੱਲੇ ਦੇ ਭਰੇ ਦੀਵਾਨ ਵਿੱਚ ਰਾਜਨੀਤਿਕ ਨੇਤਾਵਾਂ ਦੇ ਸਾਮ੍ਹਣੇ ਮੁੱਖ ਵਿਰੋਧੀ ਤੇਜਾ ਸਿੰਘ ਨੇ ਆਖਿਆ- "ਸਤਿਗੁਰੂ ਪ੍ਰਤਾਪ ਸਿੰਘ ਜੀ ਠੀਕ ਸਨ, ਅਸੀਂ ਹੀ ਸੱਚੇ ਪਾਤਸ਼ਾਹ ''ਤੇ ਝੂਠੇ ਮੁਕੱਦਮੇ ਕੀਤੇ ਸਨ। ਅੱਜ ਮੈਂ ਆਪਣੇ ਸਾਥੀਆਂ ਵੱਲੋਂ ਸਤਿਗੁਰੂ ਜਗਜੀਤ ਸਿੰਘ ਜੀ ਪਾਸੋਂ ਮੁਆਫ਼ੀ ਮੰਗਦਾ ਹਾਂ।" – ਇਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਹੁਤ ਵੱਡੀ ਜਿੱਤ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਰਾਪੇ, ਨੀਮ ਪਾਗਲ ਹੋਏ ਪੁਰਸ਼ ਜਦ ਬਖ਼ਸ਼ਾਉਣ ਆਏ ਤਾਂ ਆਪ ਜੀ ਨੇ ਫ਼ਰਮਾਇਆ- "ਜਿਸ ਜ਼ੁਬਾਨ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਨਿੰਦਿਆ ਕਰਦੇ ਰਹੇ ਹੋ, ਉਸੇ ਜ਼ੁਬਾਨ ਨਾਲ ਸੱਚੇ ਪਾਤਸ਼ਾਹ ਜੀ ਦੀ ਉਸਤਤ ਕਰੋ, ਤਾਂ ਬਖ਼ਸ਼ੇ ਜਾਓਗੇ, ਠੀਕ ਹੋਵੋਗੇ।" ਇਸੇ ਤਰ੍ਹਾਂ ਹੀ ਹੋਇਆ। ਬਹੁਤ ਛੇਤੀ ਹੀ ਵਿਰੋਧ ਦੇ ਬੱਦਲ ਖਿੰਡ-ਪੁੰਡ ਗਏ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਸਮੇਂ ਦੇ ਆਕਾਸ਼ ਤੇ ਸੂਰਜ ਬਣ ਚਮਕਣ ਲੱਗੇ। ਆਪ ਜੀ ਨੇ ਅਟੱਲ ਪ੍ਰਤਾਪੀ ਸਤਿਗੁਰੂ ਜੀ ਦੇ ਚਿਤਵੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਕਮਰਕੱਸਾ ਕਰ ਲਿਆ।

ਆਪ ਜੀ ਦੀ ਨਿੱਜੀ ਡਾਇਰੀ ਦੇ 27 ਫਰਵਰੀ 1950 ਈ. ਦੇ ਪੰਨੇ 'ਤੇ ਬੈਂਕਾਕ ਵਿਖੇ ਕੀਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੁਕਮ ਲਿਖਿਆ ਹੈ, "ਸ੍ਰੀ ਸਤਿਗੁਰੂ ਜੀ ਨੇ ਕਥਾ ਵਿੱਚ ਦੇਹਧਾਰੀ ਅਵਤਾਰ ਦੀ ਹੋਂਦ ਦੱਸੀ-ਕਥਾ ਦੇ ਅਖ਼ੀਰ ਨਿਤਨੇਮ ਲਈ ਖ਼ਾਸ ਕਰ ਨਾਮਧਾਰੀਆਂ ਨੂੰ ਅਤੇ ਆਮ ਕਰ ਦੂਸਰੇ ਸਿੱਖਾਂ ਨੂੰ ਭੀ ਤਾੜਨਾ ਕੀਤੀ ਕਿ ਜ਼ਰੂਰ ਭਜਨ ਕਰਨਾ ਚਾਹੀਦਾ ਹੈ। ਸਾਡਾ ਤੁਹਾਡਾ ਰਿਸ਼ਤਾ ਭਜਨ ਬਾਣੀ ਦਾ ਹੀ ਹੈ।"

ਗੁਰੂ ਅਤੇ ਸਿੱਖ ਦੇ ਨਾਤੇ ਦੇ ਜੁੜੇ ਰਹਿਣ ਦੇ ਮਾਧਿਅਮ ਭਜਨ ਬਾਣੀ ਦਾ ਸਿੱਖਾਂ ਵਿੱਚ ਪ੍ਰਵਾਹ ਚਲਾਉਣ ਲਈ ਆਪ ਜੀ ਨੇ-
– ਤਿੰਨ ਵੇਰ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਸਵਾ-ਸਵਾ ਲੱਖ ਪਾਠ ਕਰਵਾਏ।
– ਪੰਜ ਵੇਰ ਸਵਾ-ਸਵਾ ਲੱਖ ਚੰਡੀ ਦੀ ਵਾਰ ਦੇ ਪਾਠ ਅਤੇ ਮਹਾਨ ਹਵਨ ਯੱਗ ਕਰਵਾਏ।
– ਅਟੱਲ ਪ੍ਰਤਾਪੀ ਸਤਿਗੁਰੂ ਜੀ ਦੇ ਸਮੇਂ ਦੀਆਂ ਚੱਲ ਰਹੀਆਂ ਦੋ ਨਾਮ ਸਿਮਰਨ ਦੀਆਂ ਅਖੰਡ ਵਰਨੀਆਂ ਵਧ ਕੇ ਅੱਜ ਨਾਮਧਾਰੀ ਸਮਾਜ ਵਿੱਚ 16 ਅਖੰਡ ਵਰਨੀਆਂ ਚਲ ਰਹੀਆਂ ਹਨ।
–ਸਾਲਾਨਾ ਨਾਮ ਸਿਮਰਨ ਜਪ-ਪ੍ਰਯੋਗ ਸਮੇਂ ਮਹੀਨਾ ਭਰ ਦੇਸ਼ ਦੇ ਅਨੇਕਾਂ ਸ਼ਹਿਰਾਂ ਵਿੱਚ ਅਤੇ ਥਾਈਲੈਂਡ, ਅਫ਼ਰੀਕਾ, ਇੰਗਲੈਂਡ, ਜਰਮਨ, ਅਮਰੀਕਾ, ਕੈਨੇਡਾ ਆਦਿ ਦੇਸ਼ਾਂ ਵਿੱਚ ਵੀ ਹਜ਼ਾਰਾਂ ਨਾਮਧਾਰੀ ਸਿੱਖ ਰੋਜ਼ਾਨਾ ਅੱਠ-ਅੱਠ ਘੰਟੇ ਨਾਮ ਸਿਮਰਨ ਕਰਦੇ ਹਨ।
– ਸ੍ਰੀ ਭੈਣੀ ਸਾਹਿਬ ਵਿਖੇ ਸੰਨ 1986 ਈ. ਤੋਂ ਅਖੰਡ ਨਾਮ ਸਿਮਰਨ ਜਪ ਪ੍ਰਯੋਗ ਚੱਲ ਰਿਹਾ ਹੈ। ਜਿੱਥੇ ਪੰਜ ਸਾਲ ਤੋਂ 95 ਸਾਲ ਦੇ ਸੈਂਕੜੇ ਬੱਚੇ, ਜਵਾਨ, ਬਿਰਧ, ਅੰਮ੍ਰਿਤ ਵੇਲੇ 2 ਵਜੇ ਤੋਂ ਨਾਮ ਸਿਮਰਨ ਕਰਨ ਲੱਗ ਜਾਂਦੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਆਪ ਨਾਮ ਜਪਦੇ ਸਨ ਅਤੇ ਸਿੱਖਾਂ ਤੋਂ ਜਪਵਾਉਂਦੇ ਸਨ। ਅਤਿ ਦੇ ਰੁਝੇਵਿਆਂ ਵਿੱਚ ਵੀ ਅੰਮ੍ਰਿਤ ਵੇਲੇ ਸੁਣ ਕੇਸੀ ਇਸ਼ਨਾਨ ਕਰਕੇ ਦੋ ਵਜੇ ਤੋਂ ਸੂਰਜ ਉਦਯ ਤੱਕ ਨਾਮ ਸਿਮਰਨ ਕਰਨਾ, ਆਸਾ ਜੀ ਦੀ ਵਾਰ ਦਾ ਕੀਰਤਨ ਸੁਣਨਾ, ਦੁਪਹਿਰੇ 1 ਘੰਟਾ ਨਾਮ ਸਿਮਰਨ ਅਤੇ ਕੀਰਤਨ ਕਰਨਾ- ਰੋਜ਼ਾਨਾ 16 ਬਾਣੀਆਂ ਦਾ ਪਾਠ ਕਰਨਾ ਆਪ ਦੇ ਨਿਤਕ੍ਰਮ ਵਿੱਚ ਸ਼ਾਮਲ ਸੀ। ਆਪ ਜੀ ਹਮੇਸ਼ਾ ਉਪਦੇਸ਼ ਦੇਂਦਿਆਂ ਹੁਕਮ ਕਰਦੇ ਸਨ- "ਹਰ ਜੀਅ ਪ੍ਰਤੀਰੋਜ਼ਾਨਾ ਇੱਕ ਘੰਟਾ

ਨਾਮ ਸਿਮਰਨ ਅਤੇ ਹਰ ਪ੍ਰਵਾਰ ਪ੍ਰਤੀ ਮਹੀਨੇ ਦਾ ਇੱਕ ਪਾਠ ਸ੍ਰੀ ਆਦਿ ਗ੍ਰੰਥ ਸਾਹਿਬ ਜਾਂ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਜ਼ਰੂਰ ਕਰੋ।"

ਘਰ-ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ ਨੂੰ ਸਾਕਾਰ ਕਰਨ ਲਈ ਆਪ ਜੀ ਦੀ ਨਿਰੰਤਰ ਮਿਹਨਤ ਦਾ ਨਤੀਜਾ ਹੀ ਹੈ ਕਿ ਅੱਜ ਸੈਂਕੜੇ ਨਾਮਧਾਰੀ ਬੱਚੇ ਅਤੇ ਬੱਚੀਆਂ ਹਨ ਜੋ ਤੰਤੀ ਸਾਜ਼ਾਂ ਨਾਲ ਕੀਰਤਨ ਕਰਦੇ ਹਨ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੁੰਦੇ ਕੀਰਤਨ ਵਿੱਚ ਹਰਮੋਨੀਅਮ ਦੀ ਜਗਾ ਰਬਾਬ, ਸਿਤਾਰ, ਸਰੋਦ, ਸਾਰੰਦਾ, ਸੰਤੂਰ, ਦਿਲਰੁਬਾ ਅਤੇ ਬੰਸਰੀ ਸੁਣਨ ਨੂੰ ਮਿਲਦੇ ਹਨ। ਵਿਦੇਸ਼ਾਂ ਵਿੱਚ ਵੱਸਦੇ ਸਕੂਲਾਂ ਕਾਲਜਾਂ ਵਿੱਚ ਪੜ੍ਹਨ ਵਾਲੇ ਅਤੇ ਚੰਗੇ ਅਹੁਦਿਆਂ 'ਤੇ ਕੰਮ ਕਰਨ ਵਾਲੇ ਵਕੀਲ, ਡਾਕਟਰ, ਇੰਜੀਨੀਅਰ ਆਪਣੇ ਪੜ੍ਹਾਈ ਅਤੇ ਕੰਮ ਦੇ ਵਕਤ ਵਿੱਚੋਂ ਸਮਾਂ ਕੱਢ ਕੇ ਕੀਰਤਨ ਸਿੱਖਦੇ ਹਨ। ਸਿੱਖੀ ਸਰੂਪ ਅਤੇ ਗੁਰਮੁਖੀ ਬਾਣੇ ਵਿੱਚ ਰਹਿੰਦਿਆਂ ਹੋਇਆਂ ਕੀਰਤਨ ਕਰਦੇ ਹਨ। ਭੇਟਾ ਦੀ ਮਾਇਆ ਨਹੀਂ ਲੈਂਦੇ। ਬੱਸ ਏਸੇ ਚਾਅ ਨਾਲ ਕੀਰਤਨ ਕਰਦੇ ਹਨ ਕਿ ਅਸੀਂ ਆਪਣੇ ਸਤਿਗੁਰੂ ਦੇ ਸਨਮੁੱਖ ਕੀਰਤਨ ਕਰਕੇ ਖ਼ੁਸ਼ੀਆਂ ਦੇ ਪਾਤਰ ਬਣ ਸਕੀਏ।

ਉਸਾਰੂ ਕਾਰਜਾਂ ਵਿੱਚ ਆਪ ਜੀ ਨੇ ਸਭ ਤੋਂ ਪਹਿਲੋਂ ਆਪਣੀ ਕਰਮ-ਭੂਮੀ ਬਣਾਇਆ ਇਲਾਕਾ ਸ੍ਰੀ ਜੀਵਨ ਨਗਰ ਨੂੰ। ਬਾਗੜ ਦੇ ਮੁੱਢ ਇਸ ਇਲਾਕੇ ਵਿੱਚ ਅੰਨ ਦਾ ਕਾਲ ਪੈ ਜਾਂਦਾ ਸੀ, ਲੋਕ ਵਣਾਂ ਦੀਆਂ ਪੀਲਾਂ ਅਤੇ ਮਲਿਆਂ ਦੇ ਬੇਰ ਖਾਕੇ ਗੁਜ਼ਾਰਾ ਕਰਦੇ ਸਨ। ਔੜ ਕਾਰਨ ਏਥੇ ਕਾਂ ਤੱਕ ਤਿਹਾਏ ਮਰ ਜਾਂਦੇ ਸਨ ਨਾ ਸੜਕਾਂ, ਨਾ ਫ਼ਸਲਾਂ ਅਤੇ ਨਾ ਸੁਖੀ ਵੱਸਦੇ ਲੋਕ, ਨਾ ਹੀ ਚੰਗੇ ਘਰ। ਪਰ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਇਲਾਕੇ ਵਿੱਚ ਚਰਨ ਪਾਏ, ਆਪਣੇ ਸਿੱਖਾਂ ਨੂੰ ਵਸਾਇਆ, ਨਾਮ-ਬਾਣੀ ਦਾ ਜਾਪ ਕਰਵਾਇਆ **ਸਾ ਧਰਤੀ ਭਈ ਹਰਿਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ** ਸਾਕਾਰ ਹੋ ਗਿਆ। ਸਮੇਂ ਨਾਲ ਵਰਖਾ ਹੋਣ ਲੱਗੀ, ਪਾਣੀ ਉੱਚੇ ਆ ਗਏ, ਟਿਊਬਵੈੱਲ ਲਗ ਗਏ। ਹਰਿਆਵਲ ਅਤੇ ਖ਼ੁਸ਼ਹਾਲੀ ਵਧਣ ਲੱਗੀ ਪਰ ਅਜੇ ਵੀ ਇਲਾਕੇ ਵਿੱਚ ਬਹੁਤ ਜ਼ਮੀਨ ਪੱਧਰੀ ਕਰਕੇ ਤਿਆਰ ਕਰਨ ਲਈ ਮਿਹਨਤ ਮੰਗਦੀ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਿੱਖਾਂ ਨੂੰ ਨਾਲ ਲੈ ਕੇ ਕੁਝ ਮਹੀਨਿਆਂ ਵਿੱਚ ਮਸਤਾਨਗੜ੍ਹ ਦੀ 400 ਏਕੜ ਦਲਦਲ ਜ਼ਮੀਨ ਨੂੰ ਆਬਾਦ ਕਰ ਲਿਆ। ਬਿਨਾਂ ਕਿਸੇ ਖਾਦ ਅਤੇ ਸਪਰੇਅ ਤੋਂ ਪ੍ਰਤੀ ਏਕੜ 66 ਮਣ ਕਣਕ ਪੈਦਾ ਕੀਤੀ। ਇਹ ਮਾਡਲ ਫਾਰਮ ਬਣ ਗਿਆ ਅਣਥੱਕ ਮਿਹਨਤ ਦੀ ਪਰਤੱਖ ਕਰਾਮਾਤ ਵੇਖ ਕੇ ਸਾਰੇ ਇਲਾਕੇ ਵਿੱਚ ਲੋਕਾਂ ਨੇ ਰਹਿੰਦੀਆਂ ਜ਼ਮੀਨਾਂ ਵੀ ਆਬਾਦ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਇਸ ਇਲਾਕੇ ਵਿੱਚ ਮਲ੍ਹਿਆਂ ਦੇ ਬੇਰ, ਵਣਾਂ ਦੀਆਂ ਪੀਲਾਂ ਅਤੇ ਚਿੱਬੜ ਹੀ ਮੁੱਖ ਫ਼ਲ ਹੁੰਦੇ ਸਨ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਬਾਗ਼ ਲਾਉਣ ਵਾਸਤੇ ਖੇਤੀਬਾੜੀ ਮਹਿਕਮੇ ਵਾਲਿਆਂ ਤੋਂ ਮਿੱਟੀ ਟੈਸਟ ਕਰਵਾਈ। ਉਨ੍ਹਾਂ ਰਿਪੋਰਟ ਦਿੱਤੀ ਕਿ ਇਸ ਜ਼ਮੀਨ ਵਿੱਚ ਸੀਟਰੈੱਸ ਫੈਮਿਲੀ ਦੇ ਫਲ ਨਿੰਬੂ, ਸੰਤਰਾ, ਮਾਲਟਾ ਆਦਿ ਨਹੀਂ ਹੋ ਸਕਦੇ। ਅਸੰਭਵ ਨੂੰ ਸੰਭਵ ਕਰਨਾ ਸਤਿਗੁਰੂ ਜਗਜੀਤ ਸਿੰਘ ਜੀ ਦਾ ਮਨ ਭਾਉਂਦਾ ਸ਼ੌਕ ਸੀ। ਆਪ ਨੇ ਪਹਿਲੋਂ ਆਪਣੇ ਖੇਤਾਂ ਵਿੱਚ ਸ੍ਰੀ ਜੀਵਨ ਨਗਰ ਅੰਗੂਰ, ਅਮਰੂਦ, ਕਿੰਨੂ, ਸੰਤਰੇ, ਮਾਲਟੇ ਅਤੇ ਚਕੋਦਰਿਆਂ ਦੇ ਬਾਗ ਲਵਾਏ। ਫੇਰ ਸਾਰੇ ਇਲਾਕੇ ਵਿੱਚ ਸਿੱਖਾਂ ਨੂੰ ਉਚੇਚਾ ਹੁਕਮ ਕਰਕੇ ਅੰਗੂਰਾਂ ਦੇ ਬਾਗ਼ ਲਵਾਏ। ਇਹ ਸ੍ਰੀ ਸਤਿਗੁਰੂ ਜੀ ਦੀ ਦੂਰ ਅੰਦੇਸ਼ੀ ਸੀ ਕਿ ਅੱਜ ਜੋ ਝੋਨੇ ਅਤੇ ਕਣਕ ਦਾ ਦੋ-ਫ਼ਸਲੀ ਚੱਕਰ, ਸਰਕਾਰ ਅਤੇ ਜ਼ਿਮੀਂਦਾਰਾਂ ਵਾਸਤੇ ਸਮੱਸਿਆ ਬਣਿਆ ਹੋਇਆ ਹੈ। ਮੰਡੀ ਦੀ ਇਸ ਸਮੱਸਿਆ ਦੇ ਹੱਲ ਲਈ ਅਤੇ ਥੋੜ੍ਹੀ ਜ਼ਮੀਨ ਵਿੱਚੋਂ ਬਹੁਤੀ ਆਮਦਨ ਲੈਣ ਲਈ ਆਪ ਜੀ ਨੇ 1962-63 ਵਿੱਚ ਹੀ ਸਫ਼ਲ ਯਤਨ ਆਰੰਭੇ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਇਸੇ ਸੋਚ ਦੀ ਉਪਜ ਸੀ 'ਨਾਮਧਾਰੀ ਸੀਡਜ਼' ਦਾ ਹੋਂਦ ਵਿੱਚ ਆਉਣਾ। ਫੁੱਲਾਂ ਅਤੇ ਸਬਜ਼ੀਆਂ ਦੇ ਬੀਜ ਪੈਦਾ ਕਰਨ ਵਿੱਚ 'ਨਾਮਧਾਰੀ ਸੀਡਜ਼' ਅੱਜ ਵਿਸ਼ਵ ਪ੍ਰਸਿੱਧ ਹੈ।

ਇਸ ਇਲਾਕੇ ਦੇ ਵਿਕਾਸ ਵਿੱਚ ਬਹੁਤ ਵੱਡੀ ਰੁਕਾਵਟ ਪੱਕੀਆਂ ਸੜਕਾਂ ਦੀ ਅਣਹੋਂਦ ਸੀ। ਸਰਕਾਰ ਸ਼ਾਇਦ ਵੀਹ-ਪੱਚੀ ਸਾਲ ਬਾਅਦ ਏਧਰ ਧਿਆਨ ਦੇਂਦੀ। ਸ੍ਰੀ ਸਤਿਗੁਰੂ ਜੀ ਨੇ ਸਿੱਖਾਂ ਨੂੰ ਨਾਲ ਲੈ ਕੇ ਸੰਨ 1965-66 ਵਿੱਚ ਸੜਕਾਂ ਬਣਾਉਣ ਦਾ ਕੰਮ ਵੀ ਆਰੰਭ ਕਰ ਦਿੱਤਾ। ਛੇਤੀ ਹੀ ਸਾਰੇ ਇਲਾਕੇ ਵਿੱਚ ਪੱਕੀਆਂ ਸੜਕਾਂ ਦਾ ਜਾਲ ਵਿਛ ਗਿਆ। ਲੋਕਾਂ ਨੂੰ ਆਪਣੀ ਜਿਨਸ ਵੇਚਣ ਲਈ ਦੂਰ ਸ਼ਹਿਰਾਂ ਵਿੱਚ ਜਾਣਾ ਪੈਂਦਾ ਸੀ। ਸ੍ਰੀ ਸਤਿਗੁਰੂ ਜੀ ਨੇ ਆਪਣੇ ਸਮਰਥ ਸਿੱਖਾਂ ਨੂੰ ਹੁਕਮ ਕਰਕੇ ਇਲਾਕੇ ਵਿੱਚ ਕਪਾਹ ਮਿੱਲ ਅਤੇ ਰਾਈਸ ਮਿੱਲਾਂ ਲਵਾਈਆਂ। ਦਾਣਾ ਮੰਡੀ ਅਤੇ ਜਨਰਲ ਮਾਰਕੀਟ ਦਾ ਨਿਰਮਾਣ ਕਰਵਾਇਆ। ਇਟਾਂ ਦੇ ਭਠੇ ਲਵਾਏ।

ਇਹ ਇਲਾਕਾ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਕਰਦਿਆਂ ਵਿਕਾਸ ਦੇ ਮਾਰਗ 'ਤੇ ਅੱਗੇ ਵਧ ਰਿਹਾ ਸੀ। ਪਰ ਅਜੇ ਇਲਾਕੇ ਵਿੱਚ ਆਧੁਨਿਕ ਸੁਖ ਸਹੂਲਤਾਂ ਵਾਲੇ ਘਰਾਂ ਦੀ ਘਾਟ ਸੀ। ਸ੍ਰੀ ਸਤਿਗੁਰੂ ਜੀ ਨੇ 1970-71 ਵਿੱਚ ਮਸਤਾਨਗੜ੍ਹ ਵਿਖੇ ਕਰੀਬ ਚਾਰ ਏਕੜ ਚਾਰ ਦੀਵਾਰੀ ਵਿੱਚ ਵਧੀਆ ਲੈਂਡ ਸਕੇਪਿੰਗ ਕਰਵਾਈ, ਛੋਟੀਆਂ-ਛੋਟੀਆਂ ਪਹਾੜੀਆਂ, ਫੁਹਾਰੇ, ਝੀਲ, ਤਰ੍ਹਾਂ-ਤਰ੍ਹਾਂ ਦੇ ਰੁੱਖ, ਫੁੱਲ, ਹਰੇ ਘਾਹਦੇ ਪਾਰਕ ਅਤੇ ਵਿਚਾਲੇ ਸੁੰਦਰ ਕੋਠੀ ਤਿਆਰ ਕਰਵਾਈ। ਇਹ ਇੱਕ ਆਧੁਨਿਕ ਸੁਖ ਸਹੂਲਤਾਂ ਵਾਲਾ ਨਮੂਨੇ ਦਾ ਘਰ ਤਿਆਰ ਹੋ ਗਿਆ। ਧਾਰਮਿਕ ਆਗੂਆਂ ਨੇ ਮੰਦਿਰ ਅਤੇ ਗੁਰਦੁਆਰੇ ਬਣਾਏ ਪਰ ਲੋਕਾਂ ਵਿੱਚ ਚੰਗੇ ਘਰ ਬਣਾ ਕੇ ਰਹਿਣ ਦੀ ਰੀਝ ਪੈਦਾ ਕਰਨੀ ਕੇਵਲ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਿੱਸੇ ਹੀ ਆਈ। ਹੁਣ ਇਲਾਕੇ ਵਿੱਚ ਅਨੇਕਾਂ ਆਧੁਨਿਕ ਸੁਖ ਸਹੂਲਤਾਂ ਵਾਲੇ ਸੁੰਦਰ ਘਰ ਵੇਖੇ ਜਾ ਸਕਦੇ ਹਨ। ਸ੍ਰੀ ਸਤਿਗੁਰੂ ਜੀ ਨੇ ਕੇਵਲ ਪ੍ਰੇਰਣਾ ਹੀ ਨਹੀਂ ਦਿੱਤੀ ਸਗੋਂ ਅਨੇਕਾਂ ਗਰੀਬ ਸਿੱਖਾਂ ਨੂੰ ਪੱਕੇ ਵਧੀਆ ਘਰ ਬਣਾ ਕੇ ਦਿੱਤੇ। ਭਗਵਾਨ ਕ੍ਰਿਸ਼ਨ ਜੀ ਕਥਾ ਹੈ ਕਿ ਉਨ੍ਹਾਂ ਨੇ ਇੱਕ ਸੁਦਾਮੇ ਦਾ ਦਲਿੱਦਰ ਕੱਟਕੇ ਉਸਦੀ ਗਰੀਬੀ ਦੂਰ ਕੀਤੀ, ਉਸਨੂੰ ਸੁੰਦਰ ਘਰ ਬਣਾ ਕੇ ਦਿੱਤਾ। ਪਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੁਦਾਮੇ ਸ਼ਾਇਦ ਗਿਣੇ ਹੀ ਨਾ ਜਾਣ ਜਿਨ੍ਹਾਂ ਦੇ ਆਪ ਜੀ ਨੇ ਕਰਜ਼ੇ ਲਾਹੇ, ਜ਼ਮੀਨਾਂ ਬਖ਼ਸ਼ੀਆਂ, ਕਾਰੋਬਾਰ ਚਲਾਏ ਅਤੇ ਘਰ ਬਣਾ ਕੇ ਦਿੱਤੇ।

ਸ੍ਰੀ ਸਤਿਗੁਰੂ ਜੀ ਦੀ ਨਿੱਜੀ ਪਹੁੰਚ ਅਤੇ ਅਣਥੱਕ ਮਿਹਨਤ ਸਦਕਾ ਕੁਝ ਵਰ੍ਹਿਆਂ ਵਿੱਚ ਹੀ ਪਛੜਿਆ ਇਲਾਕਾ ਸਾਰੇ ਹਰਿਆਣੇ 'ਚੋਂ ਵੱਧ ਉਪਜ ਦੇਣ ਵਾਲਾ ਵਿਕਾਸਸ਼ੀਲ ਅਤੇ ਖ਼ੁਸ਼ਹਾਲ ਇਲਾਕਾ ਬਣ ਗਿਆ। ਪਰ ਅਜੇ ਇਸ ਇਲਾਕੇ ਵਿੱਚ ਪਹਾੜ ਵਾਲੇ ਪਾਸੇ ਕੁਝ ਬਰਾਨੀ ਜ਼ਮੀਨ ਰੇਤ ਦੇ ਟਿੱਬੇ ਸ੍ਰੀ ਸਤਿਗੁਰੂ ਜੀ ਦੀ ਚਰਨ ਛੂਹ ਤੋਂ ਵਾਂਝੇ ਸਨ। ਏਥੇ ਨਹਿਰੀ ਪਾਣੀ ਨਹੀਂ ਸੀ ਲਗਦਾ ਅਤੇ ਨਾ ਹੀ ਇਨ੍ਹਾਂ ਟਿੱਬਿਆਂ 'ਤੇ ਬੋਰ ਦਾ ਪਾਣੀ ਪਹੁੰਚ ਸਕਦਾ ਸੀ। ਸਰਕਾਰ ਦੇ ਖੇਤੀ ਵਿਭਾਗ ਨੇ ਸਿਫ਼ਾਰਿਸ਼ ਕੀਤੀ ਕਿ ਏਥੇ ਕਿੱਕਰ ਲਗਵਾਉ। ਏਥੇ ਹੋਰ ਕੁਝ ਨਹੀਂ ਹੋ ਸਕਦਾ। ਪਰ ਇਸ ਜ਼ਮੀਨ ਨੂੰ ਕੰਡਿਆਂ 'ਤੋਂ ਬਚਾਉਣ ਦੀ ਅਰਦਾਸ ਗੁਰੂ ਚਰਨਾਂ ਵਿੱਚ ਸੁਣੀ ਗਈ। ਏਥੇ ਹੀ ਇੱਕ ਟਿੱਬੇ ਵਾਲਾ ਖੂਹ ਹੈ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਲਵਾਇਆ ਸੀ ਅਤੇ ਏਥੇ ਸਲਾਨਾ ਨਾਮ ਸਿਮਰਨ ਜਪ-ਪ੍ਰਯੋਗ ਕੀਤਾ ਸੀ। ਏਥੇ ਸਵਾ ਸੌ ਏਕੜ ਜ਼ਮੀਨ ਗੁਰੂ ਕੇ ਲੰਗਰ ਦੀ ਹੈ। ਸ੍ਰੀ ਸਤਿਗੁਰੂ ਜੀ ਨੇ ਇਲਾਕੇ ਵਿੱਚੋਂ ਕਰੀਬ 250 ਟਰੈਕਟਰ ਇਕੱਠੇ ਕਰਕੇ ਦੋ ਦਿਨਾਂ ਵਿੱਚ ਹੀ ਸਾਰੇ ਪ੍ਰਬੰਧ ਕਰਕੇ ਇਸ ਜ਼ਮੀਨ ਵਿੱਚ ਕਿੰਨੂ, ਅੰਗੂਰ, ਅਮਰੂਦ, ਅਨਾਰ ਅਤੇ 15-18 ਕਿਸਮ ਦੇ ਬੇਰਾਂ ਦੇ ਬਾਗ ਲਗਵਾ ਦਿੱਤੇ। ਇਹ ਕ੍ਰਿਸ਼ਮਾ ਵੇਖ ਕੇ ਆਸੇ ਪਾਸੇ ਸਭ ਜ਼ਿਮੀਂਦਾਰਾਂ ਨੇ ਜ਼ਮੀਨਾਂ ਪੱਧਰੀਆਂ ਕਰ ਲਈਆਂ। ਕਿਸੇ ਨੇ ਕਿੱਕਰਾਂ ਨਹੀਂ ਲਾਈਆਂ। ਇਹ ਜ਼ਮੀਨ ਜੋ 15-20 ਹਜ਼ਾਰ ਪ੍ਰਤੀ ਏਕੜ ਤੋਂ ਨਹੀਂ ਸੀ ਕੋਈ ਖ਼ੀਦਦਾ, ਦੋ ਲੱਖ ਪ੍ਰਤੀ ਏਕੜ ਹੋ ਗਈ। ਹੁਣ ਏਥੇ ਕੋਈ ਟਿੱਬਾ ਨਹੀਂ ਦਿੱਸਦਾ, ਕੇਵਲ ਵੰਨਗੀ ਮਾਤਰ ਦੋ ਟਿੱਬੇ ਸਾਂਭ ਰੱਖੇ ਹਨ- ਇਕ ਜਿਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮ-ਸਿਮਰਨ ਜਪ-ਪ੍ਰਯੋਗ ਕੀਤਾ ਸੀ ਅਤੇ ਦੂਸਰਾ 66 ਫੁੱਟ ਉੱਚਾ ਟਿੱਬਾ ਜਿੱਥੇ ਗਰਮੀਆਂ ਵਿੱਚ ਰਾਤ ਨੂੰ ਸ੍ਰੀ ਸਤਿਗੁਰੂ ਜੀ ਬੈਠ ਕੇ ਨਾਮ-ਸਿਮਰਨ ਕਰਦੇ ਸਨ। ਇਨ੍ਹਾਂ ਟਿੱਬਿਆਂ 'ਤੇ ਵੀ ਘਾਹ ਲਾਇਆ ਹੋਇਆ ਹੈ। ਅੱਜਕੱਲ੍ਹ ਇਨ੍ਹਾਂ ਹਰੇ ਭਰੇ ਟਿੱਬਿਆਂ ਦੇ ਦੁਆਲੇ ਫੁੱਲਾਂ ਦੀ ਖੇਤੀ ਹੁੰਦੀ ਹੈ। ਇਹ ਜ਼ਮੀਨ ਜਿੱਥੇ ਰਾਹੀਆਂ

ਦੇ ਪੈਰਾਂ 'ਚ ਸੂਲਾਂ ਚੁਭਿਆ ਕਰਨੀਆਂ ਸਨ, ਅੱਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਚਰਨ-ਛੂਹ ਪਾ ਕੇ ਰੰਗ ਬਿਰੰਗੇ ਫੁੱਲਾਂ ਨਾਲ ਸਜੀ ਸੁੰਦਰ ਸੈਰਗਾਹ ਬਣ ਗਈ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੇਵਲ ਜ਼ਮੀਨ ਨੂੰ ਹੀ ਨਹੀਂ ਬਣਾਇਆ-ਸੰਵਾਰਿਆ ਜਾਂ ਕੇਵਲ ਧਾਰਮਿਕ ਅਤੇ ਆਰਥਿਕ ਵਿਕਾਸ ਲਈ ਹੀ ਨਹੀਂ ਯਤਨ ਕੀਤੇ ਸਗੋਂ ਇਸੇ ਦੌਰਾਨ ਹੀ ਸਮਾਜ ਨਿਰਮਾਣ ਵੱਲ ਵੀ ਨਿਰੰਤਰ ਯਤਨ ਜਾਰੀ ਰੱਖੇ।

ਸੰਨ 1964-65 ਵਿੱਚ ਆਪ ਜੀ ਨੇ ਇਕ ਜਥੇਬੰਦੀ 'ਸਰਬ ਹਿੰਦ ਨਾਮਧਾਰੀ ਵਿਦਿਅਕ ਜਥਾ' ਦੀ ਸਥਾਪਨਾ ਕੀਤੀ। ਇਸ ਜਥੇਬੰਦੀ ਦੇ ਉਦੇਸ਼ ਸਨ:

- ਪੜ੍ਹੇ ਲਿਖੇ ਨਾਮਧਾਰੀ ਨੌਜੁਆਨਾਂ ਨੂੰ ਇੱਕ ਮੰਚ 'ਤੇ ਇਕੱਤਰ ਕਰਨਾ।
- ਨੌਜੁਆਨ ਪੀੜ੍ਹੀ ਨੂੰ ਪੱਛਮੀ ਸਭਿਆਚਾਰ ਦੇ ਦੁਰ-ਪ੍ਰਭਾਵਾਂ ਤੋਂ ਬਚਾਉਣਾ।
- ਨੌਜੁਆਨਾਂ ਦੀ ਸਰਬਾਂਗੀ ਸ਼ਖ਼ਸੀਅਤ ਨੂੰ ਤਰਤੀਬਣ ਤੇ ਤਰਾਸ਼ਣ ਲਈ ਅਤੇ ਭਵਿੱਖ ਨੂੰ ਉੱਜਲ ਬਣਾਉਣ ਲਈ ਧਰਮ ਦੇ ਨਾਲ-ਨਾਲ ਸਮੇਂ ਦੇ ਹਾਣ ਦੀ ਸਿੱਖਿਆ ਦੇਣੀ।

ਇਨ੍ਹਾਂ ਜਥੇਬੰਦੀਆਂ ਦਾ ਹਰ ਸਾਲ ਇੱਕ ਸੰਮੇਲਨ ਹੁੰਦਾ ਹੈ। ਨਾਮਧਾਰੀ ਨੌਜੁਆਨਾਂ ਨੂੰ ਇਹ ਇੱਕ ਮੰਚ ਮਿਲ ਗਿਆ- ਇਕਠਿਆਂ ਹੋਣ ਦਾ, ਆਪਣੀ ਗੱਲ ਕਰਨ ਦਾ, ਆਪਸ ਵਿੱਚ ਮਿਲਨ ਜੁਲਨ ਦਾ, ਸ਼ੰਕੇ ਨਵਿਰਤ ਕਰਨ ਦਾ ਅਤੇ ਆਪਣੇ ਸਤਿਗੁਰੂ ਨਾਲ ਸਿੱਧਾ ਰਾਬਤਾ ਕਾਇਮ ਕਰਨ ਦਾ।

ਸੰਨ 1965 ਈ. ਵਿੱਚ ਸ਼ੁਰੂ ਕੀਤਾ ਸਰਬ ਹਿੰਦ ਨਾਮਧਾਰੀ ਵਿਦਿਅਕ ਜਥਾ ਕੇਵਲ ਨੌਜੁਆਨ ਲੜਕਿਆਂ ਦੀ ਜਥੇਬੰਦੀ ਸੀ ਜੋ ਹੁਣ ਵਿਸ਼ਵ ਨਾਮਧਾਰੀ ਵਿਦਿਅਕ ਜਥਾ (ਇਸਤਰੀ ਵਿੰਗ) ਵੀ 1981 ਤੋਂ ਸਥਾਪਤ ਹੋ ਚੁੱਕਾ ਹੈ। ਨੌਜੁਆਨ ਬੀਬੀਆਂ ਦਾ ਜਥਾ ਵੀ ਫ਼ੈਸ਼ਨ ਪ੍ਰਸਤੀ ਤੋਂ ਬਚਣ, ਦਾਜ ਦਹੇਜ ਨਾ ਲੈਣ, ਨਾ ਦੇਣ, ਧਰਮ ਵਿੱਚ ਪਰਪੱਕ ਰਹਿਣ ਅਤੇ ਵਿਰਸੇ ਨੂੰ ਸੰਭਾਲਣ ਦੇ ਸਫ਼ਲ ਯਤਨ ਕਰ ਰਿਹਾ ਹੈ।

ਸੰਮੇਲਨ ਦੌਰਾਨ ਨੌਜੁਆਨ ਸ੍ਰੀ ਸਤਿਗੁਰੂ ਜੀ ਦੇ ਨਿੱਜੀ ਸੰਪਰਕ ਵਿੱਚ ਰਹਿੰਦੇ ਸਨ। ਆਪ ਜੀ ਉਨ੍ਹਾਂ ਨੂੰ ਪਿਆਰਦੇ, ਦੁਲਾਰਦੇ ਅਤੇ ਹਾਸ-ਬਿਲਾਸ ਕਰਦੇ ਸਨ। ਜਿਸ ਖੇਤਰ ਵਿੱਚ ਕੋਈ ਰੁਚੀ ਰੱਖਦਾ ਹੋਵੇ ਜਾਂ ਯੋਗ ਹੋਵੇ, ਉਸਨੂੰ ਹੋਰ ਤਰੱਕੀ ਕਰਨ ਲਈ ਉਤਸ਼ਾਹਿਤ ਕਰਦੇ ਅਤੇ ਉਸਦਾ ਮਾਰਗ ਦਰਸ਼ਨ ਕਰਦੇ ਸਨ। ਸਤਿਗੁਰੂ ਜੀ ਦੀ ਅਪਣੱਤ, ਸਨੇਹ ਅਤੇ ਸੁਯੋਗ ਅਗਵਾਈ ਨੇ ਨੌਜੁਆਨਾਂ ਵਿੱਚ ਅਜਿਹੀ ਸਮਰਪਣ ਭਾਵਨਾ ਪੈਦਾ ਕਰ ਦਿੱਤੀ ਸੀ ਕਿ ਹਰ ਨੌਜੁਆਨ ਦੇ ਮਨ ਵਿੱਚ ਕੁਝ ਵਿਸ਼ੇਸ਼ ਅਤੇ ਚੰਗਾ ਕਰਕੇ ਆਪਣੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਚਾਅ ਪੈਦਾ ਹੋ ਗਿਆ।

ਆਪਣੇ ਸਤਿਗੁਰੂ ਪ੍ਰਤੀ ਸਮਰਪਣ ਅਤੇ ਥਾਪੜਾ ਪ੍ਰਾਪਤ ਕਰਨ ਦੇ ਚਾਅ ਸਦਕਾ ਹੀ ਨਾਮਧਾਰੀ ਨੌਜੁਆਨਾਂ ਨੇ ਬਹੁਤ ਵੱਡੀਆਂ ਮੱਲਾਂ ਮਾਰੀਆਂ ਹਨ। ਕੇਵਲ ਦੋ ਪਿੰਡਾਂ ਦੇ ਲੜਕੇ ਲੈ ਕੇ ਬਣਾਈ ਨਾਮਧਾਰੀ ਹਾਕੀ ਟੀਮ ਨੇ ਅੰਤਰ ਰਾਸ਼ਟਰੀ ਪੱਧਰ ਤੱਕ ਪ੍ਰਸਿੱਧੀ ਪ੍ਰਾਪਤ ਕੀਤੀ ਹੈ।

ਤਦੋਕਾ ਨੌਜੁਆਨ ਵਰਗ ਭਟਕ ਚੁੱਕਾ ਸੀ। ਉਸਨੂੰ ਸਮਝ ਨਹੀਂ ਸੀ ਆ ਰਹੀ ਸੀ ਕਿ ਉਹ ਕਿਸ ਧਾਰਮਿਕ ਆਗੂ ਜਾਂ ਰਾਜਨੀਤਕ ਤੇ ਵਿਸ਼ਵਾਸ ਕਰਕੇ ਆਪਣੇ ਅਤੇ ਸਮਾਜ ਦੇ ਭਵਿੱਖ ਨੂੰ ਸੁਰੱਖਿਅਤ ਸਮਝ ਸਕੇ। ਪਰ ਨਾਮਧਾਰੀ ਨੌਜੁਆਨ ਇਸ ਪੱਖੋਂ ਵਡਭਾਗੇ ਸਨ ਕਿ ਉਹ ਪੂਰੀ ਆਸਥਾ ਅਤੇ ਵਿਸ਼ਵਾਸ਼ ਨਾਲ ਆਪਣੀਆਂ ਵਾਗਾਂ ਆਪਣੇ ਸਤਿਗੁਰੂ ਨੂੰ ਸੌਂਪ ਕੇ ਹਰ ਅਗਾਂਹ ਵਧੂ ਖੇਤਰ ਵਿੱਚ ਆਪਣੀ ਮਾਣਯੋਗ ਪਛਾਣ ਬਣਾ ਸਕੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸੁਭਾਅ ਰਚਨਾਤਮਿਕ ਅਤੇ ਵਿਕਾਸਮੁਖੀ ਸੀ- 15 ਅਕਤੂਬਰ, 2000 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਕਵੀ ਪ੍ਰੀਤਮ ਸਿੰਘ ਸਨਮਾਨ ਸਮਾਰੋਹ ਸਮੇਂ ਭਾਸ਼ਨ ਦੇਂਦਿਆਂ ਪੰਜਾਬੀ ਜਗਤ ਦੇ ਪ੍ਰਸਿੱਧ ਵਿਦਵਾਨ ਪ੍ਰੋ.

ਪ੍ਰੀਤਮ ਸਿੰਘ ਨੇ ਕਿਹਾ- "ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸਤਿਗੁਰੂ ਜਗਜੀਤ ਸਿੰਘ ਨੇ ਕੇਵਲ ਆਪਣਿਆਂ ਵਿਦਵਾਨਾਂ ਨੂੰ ਹੀ ਨਹੀਂ ਸਾਂਭਿਆ, ਸਗੋਂ ਪੰਜਾਬੀ ਜਗਤ ਦੇ ਸ਼੍ਰੋਮਣੀ ਸਾਹਿਤਕਾਰਾਂ ਨੂੰ ਸੰਭਾਲਿਆ ਹੈ।" ਆਪ ਜੀ ਨੇ ਵਿਕਾਸ ਦੇ ਖੇਤਰ ਵਿੱਚ ਕੇਵਲ ਨਾਮਧਾਰੀ ਸਿੱਖਾਂ ਨੂੰ ਹੀ ਸਹਿਯੋਗ ਨਹੀਂ ਦਿੱਤਾ, ਸਗੋਂ ਕਿਸੇ ਵੀ ਖੇਤਰ ਵਿੱਚ ਕੁਝ ਵਿਸ਼ੇਸ਼ ਕਰ ਸਕਣ ਦੀ ਯੋਗਤਾ ਰੱਖਣ ਵਾਲੇ ਵਿਅਕਤੀ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ, ਮਾਰਗ ਦਰਸ਼ਨ ਕੀਤਾ ਅਤੇ ਮੰਜ਼ਿਲ ਦੇ ਸਿਖ਼ਰ 'ਤੇ ਪਹੁੰਚਾਇਆ। ਭਾਵੇਂ ਪੰਡਿਤ ਰਾਜਨ ਸਾਜਨ ਮਿਸ਼ਰਾ ਹੋਣ, ਡਾ. ਮੁਸ਼ਰਫ ਅਲੀ ਹੋਵੇ ਜਾਂ ਮਲੇਰ ਕੋਟਲੇ ਦਾ ਸਬਜ਼ੀਆਂ ਉਗਾਉਣ ਵਾਲਾ ਮੁਸਲਮਾਨ ਜਾਂ ਬਾਗੜ ਇਲਾਕੇ ਦੇ ਸੰਸਕ੍ਰਿਤ ਅਤੇ ਫ਼ਿਲਾਸਫ਼ੀ ਪੜ੍ਹਨ ਦਾ ਸ਼ੌਕ ਰੱਖਣ ਵਾਲਾ ਇੱਕ ਗਰੀਬ ਘਰ ਦਾ ਲੜਕਾ ਰਮੇਸ਼ਵਰ ਹੋਵੇ, ਅਜੇਹੇ ਅਨੇਕਾਂ ਹੀ ਹਨ। ਪੰ. ਰਾਜਨ ਸਾਜਨ ਮਿਸ਼ਰਾ ਸਾਧਾਰਨ ਕਲਰਕ ਦੀ ਨੌਕਰੀ ਕਰਦੇ ਸਨ, ਗਾਇਨਵਾਦਨ ਵਾਲੇ ਘਰਾਣੇ 'ਚੋਂ ਹੋਣ ਕਰਕੇ ਕੁਝ ਗਾਉਂਦੇ ਵੀ ਸਨ। ਸ੍ਰੀ ਸਤਿਗੁਰੂ ਜੀ ਨੇ ਜਦ ਪਹਿਲੀ ਵੇਰ ਹੀ ਸੁਣਿਆ ਤਾਂ ਹੁਕਮ ਕੀਤਾ ਕਿ ਨੌਕਰੀ ਛੱਡ ਦਿਉ। ਤਨਖ਼ਾਹ ਨਾਲੋਂ ਵੱਧ ਪੈਸੇ ਮੇਰੇ ਕੋਲੋਂ ਲਵੋ ਅਤੇ ਅਭਿਆਸ ਕਰੋ। ਏਸੇ ਤਰ੍ਹਾਂ ਹੀ ਹੋਇਆ ਅੱਜ ਇਹ ਮਿਸ਼ਰਾ ਭਰਾਵਾਂ ਦੀ ਜੋੜੀ ਗਾਇਨ ਦੇ ਖੇਤਰ ਵਿੱਚ ਵਿਸ਼ਵ ਪ੍ਰਸਿੱਧ ਹੈ। ਪੰ. ਰਾਜਨ ਸਾਜਨ ਮਿਸ਼ਰਾ ਕਿਹਾ ਕਰਦੇ ਹਨ, "ਅਸੀਂ ਕਦੇ ਸੋਚਿਆ ਵੀ ਨਹੀਂ ਸੀ ਕਿ ਸਾਨੂੰ ਏਨੀ ਪ੍ਰਸਿੱਧੀ ਪ੍ਰਾਪਤ ਹੋਵੇਗੀ। ਅੱਜ ਅਸੀਂ ਜੋ ਵੀ ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿਵਾਜਿਸ਼ ਸਦਕਾ ਹੀ ਹਾਂ।"

ਇਸੇ ਤਰ੍ਹਾਂ ਡਾ. ਮੁਸ਼ਰਫ ਅਲੀ (ਡਾ. ਮੂਸਾ) ਦਿੱਲੀ ਇੱਕ ਛੋਟੇ ਜਿਹੇ ਕਲੀਨਿਕ ਵਿੱਚ ਕੰਮ ਕਰਦਾ ਸੀ। ਸ੍ਰੀ ਸਤਿਗੁਰੂ ਜੀ ਦੇ ਸੰਪਰਕ ਵਿੱਚ ਆਇਆ। ਆਪ ਜੀ ਨੇ ਡਾ. ਮੂਸਾ ਦੀ ਤੀਖਣ ਬੁੱਧੀ ਨੂੰ ਵੇਖ ਕੇ ਹੋਰ ਅਭਿਆਸ ਲਈ ਪ੍ਰੇਰਿਆ, ਸਹਿਯੋਗ ਦਿੱਤਾ। ਇਲਾਜ ਲਈ ਅਸਾਧ ਰੋਗਾਂ ਦੇ ਮਰੀਜ਼ ਭੇਜੇ, ਠੀਕ ਹੋਏ। ਛੇਤੀ ਹੀ ਡਾ. ਮੂਸਾ ਦਿੱਲੀ ਵਿੱਚ ਪ੍ਰਸਿੱਧ ਹੋ ਗਿਆ। ਅੱਜ ਡਾ. ਮੂਸਾ ਦਾ ਲੰਡਨ (ਇੰਗਲੈਂਡ) ਦੇ ਸੈਂਟਰ ਵਿੱਚ ਬਹੁਤ ਵੱਡਾ ਕਲੀਨਿਕ ਹੈ। ਸ਼ਾਹੀ ਪ੍ਰਵਾਰ ਦਾ ਇਲਾਜ ਵੀ ਕਰਦਾ ਹੈ। ਡਾ. ਮੂਸਾ ਨੇ ਲੰਡਨ ਵਿੱਚ ਪ੍ਰੈਸ ਕਾਨਫ਼ਰੰਸ ਵਿੱਚ ਬੋਲਦਿਆਂ ਕਿਹਾ- "ਮੈਨੂੰ ਜਿੰਨੀ ਵੀ ਸਫ਼ਲਤਾ ਮਿਲੀ ਹੈ, ਅਸਾਧ ਰੋਗੀਆਂ ਨੂੰ ਠੀਕ ਕਰਨ ਦੀ, ਮੇਰੀ ਅਕਲ ਤੋਂ ਵੱਧ ਸੱਚੇ ਪਾਤਸ਼ਾਹ ਜੀ ਦੀ ਦੈਵੀ ਮਿਹਰ-ਨਦਰਿ ਦਾ ਕ੍ਰਿਸ਼ਮਾ ਹੈ। ਜੇ ਸੱਚੇ ਪਾਤਸ਼ਾਹ ਮੇਰੇ 'ਤੇ ਬਖਸ਼ਿਸ਼ ਨਾ ਕਰਦੇ ਤਾਂ ਮੈਂ ਦਿੱਲੀ ਵਿੱਚ ਹੀ ਛੋਟੇ ਜਿਹੇ ਕਲੀਨਿਕ ਵਿੱਚ ਹੁੰਦਾ।"

ਸ੍ਰੀ ਸਤਿਗੁਰੂ ਜੀ ਨੇ ਕੇਵਲ ਵਿਰਸੇ ਨੂੰ ਸੰਭਾਲਣ ਅਤੇ ਵਿਕਾਸ ਕਾਰਜਾਂ ਵਿੱਚ ਹੀ ਨਹੀਂ ਯਤਨ ਕੀਤੇ, ਸਗੋਂ ਵਿਰਸੇ ਨੂੰ ਸੰਭਾਲਣ ਵਾਲਿਆਂ ਦੇ ਬੁਢਾਪੇ ਨੂੰ ਵੀ ਸਾਂਭਿਆ। ਜਿਨ੍ਹਾਂ ਮਹਾਂ-ਪੁਰਸ਼ਾਂ ਨੇ ਆਪਣੇ ਦੇਸ਼-ਕੌਮ ਪ੍ਰਤੀ, ਆਪਣੇ ਵਿਰਸੇ ਪ੍ਰਤੀ ਆਪਣਾ ਜੀਵਨ ਲਗਾ ਦਿੱਤਾ। ਜਿਵੇਂ ਪ੍ਰਸਿੱਧ ਸੁਤੰਤਰਤਾ ਸੰਗ੍ਰਾਮੀ ਅਤੇ ਇਤਿਹਾਸਕਾਰ ਪੰਡਿਤ ਸੁੰਦਰ ਲਾਲ, ਗਦਰ ਪਾਰਟੀ ਦੇ ਪ੍ਰਸਿੱਧ ਆਗੂ ਬਾਬਾ ਸੋਹਣ ਸਿੰਘ ਭਕਨਾ, ਸ਼ਹੀਦ ਭਗਤ ਸਿੰਘ ਦੇ ਭਰਾ ਸ. ਰਾਜਿੰਦਰ ਸਿੰਘ, ਖੇਡ ਮੁਕਾਬਲਿਆਂ ਵਿੱਚ ਤਗਮੇ ਜਿੱਤ ਕੇ ਭਾਰਤ ਦਾ ਨਾਂ ਉੱਚਾ ਕਰਨ ਵਾਲਾ ਗੁਲਾਬ ਸਿੰਘ ਅਥਲੀਟ, ਪੰਜਾਬੀ ਸਾਹਿਤ ਦੇ ਬਾਬਾ ਬੋਹੜ ਸੰਤ ਸਿੰਘ ਸੇਖੋਂ, ਕਾਮਰੇਡ ਸੁਰਜੀਤ ਖ਼ੁਰਸ਼ੀਦੀ ਆਦਿ ਅਨੇਕਾਂ ਹੀ ਹਨ, ਜਿਨ੍ਹਾਂ ਦੇ ਬੁਢਾਪੇ ਨੂੰ ਨਿਸ਼ਚਿਤ ਕੀਤਾ, ਸਤਿਗੁਰੂ ਜਗਜੀਤ ਸਿੰਘ ਜੀ ਨੇ।

ਸ੍ਰੀ ਸਤਿਗੁਰੂ ਜੀ ਦੀ ਛਤਰ ਛਾਇਆ ਹੇਠ ਹੋਏ ਅਨੇਕਾਂ ਵਿਕਾਸ ਕਾਰਜਾਂ ਵਿੱਚੋਂ ਇੱਕ ਮਹੱਤਵਪੂਰਨ ਕਾਰਜ ਸੀ- ਵਿਦਿਅਕ ਅਦਾਰਿਆਂ ਦੀ ਸਥਾਪਨਾ। ਅੰਗ੍ਰੇਜ਼ ਰਾਜ ਵੇਲੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਸਿੱਖਾਂ ਨੇ ਵਿਦੇਸ਼ੀ ਹਾਕਮਾਂ ਦੀ ਬਣੀ ਹਰ ਵਸਤੂ ਦੇ ਬਾਈਕਾਟ ਦੇ ਨਾਲ-ਨਾਲ ਕਚਹਿਰੀਆਂ, ਰੇਲ, ਡਾਕ-ਤਾਰ ਅਤੇ ਵਿਦਿਅਕ ਅਦਾਰਿਆਂ ਦਾ ਵੀ ਪੂਰਨ ਬਾਈਕਾਟ ਕੀਤਾ ਜਿਸ ਕਰਕੇ ਨਾਮਧਾਰੀ ਸਮਾਜ ਵਿੱਚ ਸਕੂਲੀ ਸਿੱਖਿਆ ਦੀ ਘਾਟ ਰਹਿ ਗਈ। ਦੇਸ਼ ਆਜ਼ਾਦ ਹੁੰਦਿਆਂ ਹੀ ਇਸ ਘਾਟ ਨੂੰ ਪੂਰਨ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਦੀ ਇਜ਼ਾਜ਼ਤ ਦਿੱਤੀ ਅਤੇ ਸਤਿਗੁਰੂ ਹਰੀ ਸਿੰਘ ਮਹਾਂ ਵਿਦਿਆਲੇ ਦੀ ਸਥਾਪਨਾ ਕੀਤੀ। ਇਸ ਕਾਰਜ ਨੂੰ ਅੱਗੇ ਤੋਰਦਿਆਂ ਸ੍ਰੀ

ਸਤਿਗੁਰੂ ਜਗਜੀਤ ਸਿੰਘ ਜੀ ਨੇ ਸਤਿਗੁਰੂ ਹਰੀ ਸਿੰਘ ਕਾਲਿਜ ਬਣਾਇਆ। ਸੰਤ ਨਗਰ ਵਿਖੇ ਅਟੱਲ ਪ੍ਰਤਾਪੀ ਕੰਨਿਆ ਮਹਾਂ-ਵਿਦਿਆਲਾ, ਦਿੱਲੀ ਵਿਖੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਹਾਇਰ ਸੈਕੰਡਰੀ ਸਕੂਲ, ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ, ਮੰਡੀ (ਹਿਮਾਚਲ) ਅਤੇ ਸਿਰਸਾ (ਹਰਿਆਣਾ) ਵਿਖੇ ਵੀ ਨਾਮਧਾਰੀ ਵਿਦਿਆਲੇ ਚੱਲ ਰਹੇ ਹਨ। ਬੈਂਕਾਕ (ਥਾਈਲੈਂਡ) ਵਿਖੇ ਇੰਟਰਨੈਸ਼ਨਲ ਸਕੂਲ ਚੱਲ ਰਿਹਾ ਹੈ। ਜਿਸ ਵਿੱਚ ਕਰੀਬ ਤੇਰਾਂ ਦੇਸ਼ਾਂ ਦੇ ਵਿਦਿਆਰਥੀ ਪੜ੍ਹਦੇ ਹਨ। ਉਨਾਂ ਨੂੰ ਬਾਕੀ ਵਿਸ਼ਿਆਂ ਦੇ ਨਾਲ ਇਕ ਚੋਣਵਾਂ ਵਿਸ਼ਾ ਪੰਜਾਬੀ ਵੀ ਪੜ੍ਹਾਇਆ ਜਾਂਦਾ ਹੈ।

ਆਪ ਜੀ ਨੇ ਮਾਂ ਬੋਲੀ ਪੰਜਾਬੀ ਦੇ ਵਿਕਾਸ ਲਈ ਅਨੇਕਾਂ ਸਫ਼ਲ ਯਤਨ ਕੀਤੇ। ਵਿਦੇਸ਼ਾਂ ਵਿੱਚ ਵੱਸਦੇ ਹਰ ਉਮਰ ਦੇ ਨਾਮਧਾਰੀ ਸਿੱਖਾਂ ਨੂੰ ਪੰਜਾਬੀ ਪੜ੍ਹਾਉਣ ਲਈ ਆਪ ਜੀ ਅਧਿਆਪਕ ਭੇਜਦੇ। ਅਮਰੀਕਨ ਸਿੱਖਾਂ ਨੂੰ ਪੰਜਾਬੀ ਪੜ੍ਹਾਉਣ ਲਈ ਆਪ ਜੀ ਨੇ ਵਿਦਵਾਨ ਅਮਰੀਕਾ ਭੇਜੇ। ਆਪ ਜੀ ਨੇ ਵਿਸ਼ਵ ਪੰਜਾਬੀ ਕਾਨਫਰੰਸਾਂ ਅਯੋਜਿਤ ਕੀਤੀਆਂ। ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਯਤਨ ਸ਼ੀਲ ਜਥੇਬੰਦੀਆਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ।

ਆਪ ਜੀ ਨੇ ਪੂਰਵ ਸਤਿਗੁਰੂ ਸਾਹਿਬਾਨ ਦਾ ਨਾਮ ਸੰਸਾਰ ਭਰ ਵਿੱਚ ਰੌਸ਼ਨ ਕਰਨ ਲਈ ਕਈ ਸ਼ਤਾਬਦੀਆਂ ਮਨਾਈਆਂ। ਸੰਨ 1969 ਈ. ਵਿੱਚ ਪੰਜ ਸੌ ਸਾਲਾ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ, 1963 ਈ. ਵਿੱਚ ਅਨੰਦ ਕਾਰਜ ਸ਼ਤਾਬਦੀ, 1972 ਵਿੱਚ ਸਤਿਗੁਰੂ ਰਾਮ ਸਿੰਘ ਪ੍ਰਦੇਸ਼ ਗਵਨ ਸ਼ਤਾਬਦੀ, 1989-90 ਈ. ਵਿੱਚ ਸਤਿਗੁਰੂ ਪ੍ਰਤਾਪ ਸਿੰਘ ਅਵਤਾਰ ਸ਼ਤਾਬਦੀ ਅਤੇ 1999 ਈ. ਵਿੱਚ ਤਿੰਨ ਸੌ ਸਾਲਾ ਖ਼ਾਲਸਾ ਸਾਜਨਾ ਵਰ੍ਹਾ ਅਤੇ 2004 ਈ. ਵਿੱਚ ਗੁਰੂ ਅੰਗਦ ਦੇਵ ਜੀ ਦਾ 400 ਸਾਲਾ ਪ੍ਰਕਾਸ਼ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਨ੍ਹਾਂ ਸਮਾਗਮਾਂ ਨਾਲ ਸੰਬੰਧਿਤ ਸੈਮੀਨਾਰ ਕਰਵਾਏ। ਸ਼ਤਾਬਦੀਆਂ ਨਾਲ ਸੰਬੰਧਿਤ ਸਾਹਿਤ ਛਪਵਾ ਕੇ ਇਤਿਹਾਸ ਨੂੰ ਉਜਾਗਰ ਕੀਤਾ। ਸਤਿਗੁਰੂ ਸਾਹਿਬਾਨ ਦੇ ਉਪਦੇਸ਼ਾਂ ਨੂੰ ਪ੍ਰਚਾਰਿਆ ਅਤੇ ਪ੍ਰਸਾਰਿਆ। ਇਸ ਤੋਂ ਬਿਨਾਂ ਸਤਿਗੁਰੂ ਰਾਮ ਸਿੰਘ ਜੀ ਦੀ ਫ਼ਿਲਾਸਫ਼ੀ ਨੂੰ ਪ੍ਰਚਾਰਨ ਲਈ ਆਪ ਜੀ ਨੇ ਬਨਾਰਸ ਵਿਖੇ ਸੰਪੂਰਨਾਨੰਦ ਸੰਸਕ੍ਰਿਤ ਯੂਨੀਵਰਸਿਟੀ ਵਿੱਚ ਅਤੇ ਅੰਮ੍ਰਿਤਸਰ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਸਤਿਗੁਰੂ ਰਾਮ ਸਿੰਘ ਚੇਅਰ ਸਥਾਪਿਤ ਕਰਵਾਈਆਂ।

ਨਵ-ਉਸਾਰੀ ਦੇ ਖੇਤਰ ਵਿੱਚ ਸੁਤੰਤਰਤਾ ਸੰਗ੍ਰਾਮ ਦੀ ਜਨਮ ਭੂਮੀ ਸ੍ਰੀ ਭੈਣੀ ਸਾਹਿਬ ਨੂੰ ਨਵਾਂ ਰੂਪ ਦਿੱਤਾ। ਏਥੇ ਬਿਨਾਂ ਥੰਮਾਂ ਤੋਂ ਏਸ਼ੀਆ ਦਾ ਪਹਿਲਾ ਵੱਡਾ ਹਾਲ ਅਤੇ ਬਿਨਾਂ ਬਾਹਰੋਂ ਪਾਣੀ ਲਿਆਂ ਤੋਂ ਰਾਮ ਸਰੋਵਰ ਨੂੰ ਆਪਣੀ ਹੀ ਕਿਸਮ ਦਾ ਨਿਵੇਕਲਾ ਰੂਪ ਦੇ ਕੇ- ਦੋ ਅਜੂਬੇ ਬਣਾ ਦਿੱਤੇ। 66 ਸ਼ਹੀਦਾਂ ਦੀ ਯਾਦ ਵਿੱਚ ਨਾਮਧਾਰੀ ਸ਼ਹੀਦੀ ਸਮਾਰਕ- ਮਲੇਰਕੋਟਲਾ ਵਿਖੇ ਬਣਿਆ 66 ਫੁੱਟ ਉੱਚਾ ਖੰਡਾ ਵੀ ਸਿੱਖ ਜਗਤ ਵਿੱਚ ਬਣਿਆ ਇਸ ਕਿਸਮ ਦਾ ਪਹਿਲਾ ਨਿਸ਼ਾਨ ਹੈ। ਇਸਦੇ ਨਾਲ ਨਾਲ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਸਥਾਨ ਰਾਈਆਂ, ਸ਼ਹੀਦੀ ਸਮਾਰਕ ਲੁਧਿਆਣਾ ਅਤੇ ਸ਼ਹੀਦੀ ਸਮਾਰਕ ਅੰਮ੍ਰਿਤਸਰ ਵੀ ਬਣੇ। ਇੱਕ ਹੋਰ ਬਹੁਤ ਵੱਡਾ ਕਾਰਜ ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਦਾ ਬਣਨਾ। ਲੁਧਿਆਣਾ ਵਿਖੇ ਇਸ ਆਧੁਨਿਕ ਤਕਨੀਕ ਵਾਲੇ 300 ਬੈਂਡਾਂ ਦੇ ਹਸਪਤਾਲ ਦਾ ਨੀਂਹ ਪੱਥਰ ਸਤਿਗੁਰੂ ਜਗਜੀਤ ਸਿੰਘ ਜੀ ਨੇ 28 ਅਕਤੂਬਰ 2000 ਈ. ਨੂੰ ਆਪਣੇ ਕਰ-ਕੰਵਲਾਂ ਨਾਲ ਰੱਖਿਆ ਸੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵਿਸ਼ਵ ਪੱਧਰੀ ਸਰਬ ਧਰਮ ਸੰਮੇਲਨਾਂ ਵਿੱਚ ਭਾਗ ਲੈ ਕੇ ਦੇਸ਼ਾਂ-ਦੇਸ਼ਾਂਤਰਾਂ ਵਿੱਚ ਸਿੱਖ ਧਰਮ ਦੀ ਮਾਣਯੋਗ ਪਛਾਣ ਬਣਾਈ। ਸੰਨ 1961 ਈ. ਵਿੱਚ ਵਿਦੇਸ਼ ਦੌਰੇ ਸਮੇਂ ਆਪ ਜੀ ਜਾਪਾਨ ਗਏ। ਉਥੇ ਬੁੱਧ ਧਰਮ ਦੀ ਇੱਕ ਬਹੁਤ ਵੱਡੀ ਯੂਨੀਵਰਸਿਟੀ ਹੈ। ਜਿਥੇ ਹੋਰ ਕਈ ਯੂਨੀਵਰਸਿਟੀਆਂ ਦੇ ਵਿਦਿਆਰਥੀ ਆ ਕੇ ਬੁੱਧ ਧਰਮ ਦੀ ਸਿੱਖਿਆ ਪ੍ਰਾਪਤ ਕਰਦੇ ਹਨ। ਯੂਨੀਵਰਸਿਟੀ ਦੇ ਧਰਮ ਅਧਿਐਨ ਸਮਾਗਮ ਵਿੱਚ ਆਪ ਜੀ ਨੇ ਦਰਸ਼ਨ ਦਿੱਤੇ। ਆਪ ਜੀ ਦੇ ਨਾਲ ਡਾ. ਗੁਪਾਲ ਸਿੰਘ ਦਰਦੀ ਅਤੇ ਰਘੁਬੀਰ ਸਿੰਘ ਪੰਜ ਹਜ਼ਾਰੀ ਸਿੱਖ ਵਿਦਵਾਨ ਵੀ ਸਨ। ਵਿਦਿਆਰਥੀਆਂ ਨੇ ਇਕ

ਸੁਆਲ ਕਰ ਦਿੱਤਾ ਕਿ ਸਭ ਦਾ ਸਾਂਝਾ ਧਰਮ ਕੀ ਹੈ ? ਵਿਦਵਾਨਾਂ ਨੇ ਲੰਮੇ ਲੰਮੇ ਵਿਖਿਆਨਾਂ ਦੁਆਰਾ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ, ਪਰ ਵਿਦਿਆਰਥੀਆਂ ਦੀ ਤਸੱਲੀ ਨਾ ਹੋਈ। ਅੰਤ ਵਿੱਚ ਸ੍ਰੀ ਸਤਿਗੁਰੂ ਜੀ ਨੇ ਫ਼ਰਮਾਇਆ- "**ਬੋਲੀਐ ਸੁਚ ਧਰਮੁ ਝੂਠੁ ਨ ਬੋਲੀਐ** ਸਚ ਬੋਲਣਾ ਸਭ ਦਾ ਸਾਂਝਾ ਧਰਮ ਹੈ। ਜਿਹੜੇ ਰੱਬ ਦੀ ਹੋਂਦ ਨੂੰ ਨਹੀਂ ਮੰਨਦੇ ਨਾਸਤਕ ਹਨ, ਸੱਚ ਬੋਲਣਾ ਉਨ੍ਹਾਂ ਦਾ ਵੀ ਧਰਮ ਹੈ। ਸੱਚ ਪ੍ਰਮਾਤਮਾ ਹੈ। ਜੇ ਸਾਰੇ ਸੱਚ ਦੇ ਧਾਰਣੀ ਬਣ ਜਾਣ ਤਾਂ ਸਾਰੇ ਹੀ ਝਗੜੇ ਮੁੱਕ ਸਕਦੇ ਹਨ।" ਇਕ ਵੇਰ ਆਪ ਜੀ ਵਿਸ਼ਵ ਅਮਨ ਕੌਂਸਲ ਦੀ ਕਾਨਫ਼ਰੰਸ 'ਚੋਂ ਬਾਹਰ ਆਏ ਤਾਂ ਕੁਝ ਧਾਰਮਿਕ ਸੱਜਣਾਂ ਨੇ ਆਪ ਨੂੰ ਕਿਹਾ- "ਤੁਸੀਂ ਇਨ੍ਹਾਂ ਰੂਸੀਆਂ ਨਾਲ ਕਿਵੇਂ? ਇਹ ਤੇ ਬੜੇ ਨਾਸਤਕ ਲੋਕ ਹਨ। ਧਰਮ ਨਾਲ ਇਨ੍ਹਾਂ ਦਾ ਕਿਤੇ ਦੂਰ ਦਾ ਵੀ ਵਾਸਤਾ ਨਹੀਂ। ਸਤਿਗੁਰੂ ਜੀ ਦਾ ਜੁਆਬ ਸੀ : "ਇਹ ਸੰਸਾਰ ਅਮਨ ਕਾਇਮ ਕਰਨ ਲਈ ਯਤਨਸ਼ੀਲ ਹਨ, ਮੈਂ ਇਨ੍ਹਾਂ ਨੂੰ ਆਖਦਾ ਹਾਂ ਕਿ ਜੇ ਅਮਨ ਚਾਹੁੰਦੇ ਹੋ ਤਾਂ ਗੁਰੂ ਨਾਨਕ ਦੀ ਗੱਲ ਮੰਨ ਲਵੋ- ਸਰਬੱਤ ਦੇ ਭਲੇ ਦੇ ਮਾਰਗ 'ਤੇ ਚੱਲ ਕੇ ਹੀ ਸ਼ਾਂਤੀ ਹੋ ਸਕਦੀ ਹੈ।

ਅਮਨ, ਏਕਤਾ ਅਤੇ ਧਾਰਮਿਕ ਸਦਭਾਵਨਾਦਾ ਸੰਦੇਸ਼ ਦੇਣ ਲਈ ਆਪ ਜੀ ਨੇ 1999 ਵਿੱਚ ਕੇਪਟਾਊਨ (ਦੱਖਣੀ ਅਫ਼ਰੀਕਾ) ਵਿਖੇ ਵਿਸ਼ਵ ਧਰਮਾਂ ਦੀ ਪਾਰਲੀਮੈਂਟ ਵਿੱਚ ਭਾਗ ਲੈਣ ਲਈ ਆਪਣਾ ਡੈਲੀਗੇਸ਼ਨ ਭੇਜਿਆ। 27 ਤੋਂ 31 ਅਗਸਤ, 2000 ਨਿਊਯਾਰਕ ਵਿਖੇ ਯੂ.ਐਨ.ਓ. ਦੇ ਜਨਰਲ ਅਸੈਂਬਲੀ ਹਾਲ ਵਿੱਚ ਵਿਸ਼ਵ ਅਮਨ ਸਿਖਰ ਸੰਮੇਲਨ ਹੋਇਆ। ਇਸ ਸੰਮੇਲਨ ਵਿੱਚ ਭਾਗ ਲੈਣ ਲਈ ਸੰਸਾਰ ਭਰ ਤੋਂ 90 ਦੇਸ਼ਾਂ ਦੇ ਕਰੀਬ 2000 ਆਗੂ ਇਕੱਤਰ ਹੋਏ। ਇਸ ਸਮੇਂ ਸੰਮੇਲਨ ਦੇ ਜਨਰਲ ਸਕੱਤਰ ਸ੍ਰੀ ਬਾਵਾ ਜੈਨ ਨੇ ਕਿਹਾ, "ਇਹ ਮੇਰੇ ਆਚਾਰੀਆ ਸੁਸ਼ੀਲ ਮੁਨੀ ਜੀ ਦਾ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਕੀਤੀ ਚਰਚਾ ਦਾ ਸੁਪਨਾ ਸਾਕਾਰ ਹੋ ਰਿਹਾ ਹੈ। ਉਨ੍ਹਾਂ ਦੀ ਇੱਛਾ ਸੀ ਕਿ ਯੂ.ਐਨ.ਓ. ਵਿੱਚ ਵਿਸ਼ਵ ਅਮਨ ਸਿਖਰ ਸੰਮੇਲਨ ਕੀਤਾ ਜਾਵੇ। ਅੱਜ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਇਹ ਸਿਖਰ ਸੰਮੇਲਨ ਕਰਦਿਆਂ ਮੈਨੂੰ ਇੰਜ ਖ਼ੁਸ਼ੀ ਹੋ ਰਹੀ ਹੈ ਜਿਵੇਂ ਮੈਂ ਆਪਣੇ ਪ੍ਰਲੋਕ ਗਵਨ ਕਰ ਚੁੱਕੇ ਆਚਾਰੀਆ ਜੀ ਦੀ ਹਜ਼ੂਰੀ ਵਿੱਚ ਹੀ ਸੰਮੇਲਨ ਕਰ ਰਿਹਾ ਹੋਵਾਂ।" ਇਸ ਸੰਮੇਲਨ ਸਮੇਂ ਆਪ ਜੀ ਨੇ ਵਿਸ਼ਵ ਅਮਨ ਲਈ ਸੰਦੇਸ਼ ਦੇਂਦਿਆਂ ਫ਼ਰਮਾਇਆ: "ਸਾਨੂੰ ਆਪਣੇ ਹੱਕ 'ਚੋਂ ਕੁਝ ਦਾਨ ਕਰਨਾ ਚਾਹੀਦਾ ਹੈ। ਦੂਸਰੇ ਦੇ ਹੱਕ ਨੂੰ ਖੋਹਣਾ ਨਹੀਂ ਚਾਹੀਦਾ, ਉਸ ਦੀ ਰਾਖੀ ਕਰਨੀ ਚਾਹੀਦੀ ਹੈ। ਇਸ ਨਾਲ ਸਾਰੇ ਹੀ ਝਗੜੇ ਮੁੱਕ ਸਕਦੇ ਹਨ।"

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਤੋਂ ਹੀ ਆਪ ਜੀ ਵਿਸ਼ਵ ਸ਼ਾਕਾਹਾਰੀ ਕਾਨਫਰੰਸਾਂ ਵਿੱਚ ਭਾਗ ਲੈਂਦੇ ਰਹੇ, ਕਈ ਵਾਰੀ ਸ਼ਾਕਾਹਾਰੀ ਕਾਨਫਰੰਸਾਂ ਆਪ ਨੇ ਕਰਵਾਈਆਂ ਵੀ। ਜੁਲਾਈ 2000 ਈ. ਨੂੰ ਟੋਰਾਂਟੋ (ਕੈਨੇਡਾ) ਵਿਖੇ 34 ਵੀਂ ਵਿਸ਼ਵ ਸ਼ਾਕਾਹਾਰੀ ਕਾਨਫਰੰਸ ਸਮੇਂ ਆਪ ਜੀ ਨੇ ਫ਼ਰਮਾਇਆ: "ਅਮਨ ਅਤੇ ਸ਼ਾਕਾਹਾਰ ਦਾ ਬਹੁਤ ਨੇੜੇ ਦਾ ਸੰਬੰਧ ਹੈ, ਜਦ ਤੱਕ ਜੀਵ ਹਿੰਸਾ ਹੈ, ਤਦ ਤੱਕ ਅਮਨ ਨਹੀਂ ਹੋ ਸਕਦਾ। ਸਾਨੂੰ ਕੇਵਲ ਮਨੁੱਖਤਾ ਦੇ ਭਲੇ ਦੇ ਲਈ ਨਹੀਂ, ਸਗੋਂ ਪ੍ਰਾਣੀ ਮਾਤਰ ਦੇ ਭਲੇ ਲਈ ਸੋਚਣਾ ਚਾਹੀਦਾ ਹੈ।"

ਪਸ਼ੂ ਧਨ ਦੀ ਸਾਂਭ ਸੰਭਾਲ ਅਤੇ ਨਸਲ ਸੁਧਾਰ ਦਾ ਸ਼ੌਕ ਆਪ ਜੀ ਨੂੰ ਸਤਿਗੁਰੂ-ਪਿਤਾ ਤੋਂ ਵਿਰਸੇ ਵਿੱਚ ਹੀ ਪ੍ਰਾਪਤ ਹੋਇਆ। ਆਪ ਅੰਤਰਰਾਸ਼ਟਰੀ ਪਸ਼ੂ ਪ੍ਰਦਰਸ਼ਨੀਆਂ ਵਿੱਚ ਭਾਗ ਲੈਂਦੇ ਅਤੇ ਵਡਮੁੱਲੇ ਸੁਝਾਅ ਦਿੰਦੇ। ਗਊ-ਧਨ ਦੀ ਸਾਂਭ-ਸੰਭਾਲ ਅਤੇ ਨਸਲ ਸੁਧਾਰ ਵਾਸਤੇ ਆਪਦੇ ਵੱਡਮੁੱਲੇ ਯੋਗਦਾਨ ਨੂੰ ਮੱਦੇ-ਨਜ਼ਰ ਰੱਖਦਿਆਂ ਸੰਨ 1965 ਈ. ਵਿੱਚ ਹੈਦਰਾਬਾਦ ਵਿਖੇ ਗੋ-ਸੰਵਰਧਨ ਸੰਮਤੀ ਨੇ ਆਪ ਜੀ ਨੂੰ "ਗੋਪਾਲ ਰਤਨ ਦੀ ਉਪਾਧੀ ਨਾਲ ਸਨਮਾਨਿਤ ਕੀਤਾ।

ਸ੍ਰੀ ਸਤਿਗੁਰੂ ਜੀ ਵਲੋਂ ਅਨੇਕਾਂ ਗਰੀਬ ਰੋਗੀਆਂ ਦਾ ਆਪਣੇ ਖਰਚੇ ਤੇ ਇਲਾਜ ਕਰਵਾਇਆ ਜਾਂਦਾ ਸੀ। ਇਸ ਪਰਉਪਕਾਰੀ ਕਾਰਜ ਕਰਕੇ ਡਾਕਟਰ ਐਸੋਸੀਏਸ਼ਨ (ਲੁਧਿਆਣਾ) ਨੇ ਆਪ ਜੀ ਨੂੰ ਧਰਮ ਰੱਖਿਅਕ ਦਾ ਸਨਮਾਨ ਭੇਟ ਕੀਤਾ। ਇੰਟਰਨੈਸ਼ਨਲ ਭਾਈ ਮਰਦਾਨਾ ਕੀਰਤਨ ਦਰਬਾਰ ਸੋਸਾਇਟੀ ਨੇ ਗੁਰੂ ਘਰ ਦੀਆਂ ਪੁਰਾਤਨ ਰੀਤਾਂ ਨੂੰ ਸੰਭਾਲਨ ਅਤੇ ਪਰਸਾਰਨ ਕਰਕੇ ਆਪ ਜੀ ਨੂੰ 'ਭਾਈ ਮਰਦਾਨਾ ਐਵਾਰਡ' ਭੇਟ ਕੀਤਾ। ਆਪ ਜੀ ਪ੍ਰਮੁੱਖ ਸੰਗੀਤਕਾਰ ਉਸਤਾਦਾਂ ਪਾਸ ਆਪਣੇ

ਸਿਖਿਆਰਥੀ ਭੇਜ ਕੇ ਸਭ ਦੇ ਗਾਇਨ ਅਤੇ ਵਾਦਨ ਦੀ ਵੰਨਗੀ ਨੂੰ ਇਕੱਤਰ ਕਰਵਾਉਂਦੇ ਰਹੇ। ਆਪ ਜੀ ਨੇ ਕਈ ਵਾਰ ਸਤਿਗੁਰੂ ਪ੍ਰਤਾਪ ਸਿੰਘ ਸਿਮਰਤੀ ਸੰਗੀਤ ਸੰਮੇਲਨ ਕਰਵਾਏ, ਜਿਨ੍ਹਾਂ ਵਿੱਚ ਬਿਨਾਂ ਟਿਕਟ ਖ਼ਰਚਿਆਂ ਤੋਂ ਸੰਗੀਤ ਪ੍ਰੇਮੀ ਸ਼੍ਰੋਮਣੀ ਸੰਗੀਤਕਾਰਾਂ ਨੂੰ ਸੁਣ ਸਕਦੇ ਸਨ। ਸ਼ਾਸਤ੍ਰੀ ਸੰਗੀਤ ਨੂੰ ਪ੍ਰਚਾਰਨ ਅਤੇ ਅਨੇਕਾਂ ਸੰਗੀਤਕਾਰ ਤਿਆਰ ਕਰਨ ਲਈ ਆਪ ਜੀ ਦੇ ਵਡਮੁੱਲੇ ਯੋਗਦਾਨ ਕਰਕੇ ਬਾਬਾ ਹਰਬਲਭ ਸੰਗੀਤ ਦਰਬਾਰ ਸੁਸਾਇਟੀ ਨੇ ਆਪ ਨੂੰ ਸੰਗੀਤਾਚਾਰਯ ਸਨਮਾਨ ਭੇਟ ਕੀਤਾ।

4 ਨਵੰਬਰ, 1999 ਨੂੰ ਸਰੋਦ ਘਰ ਗਵਾਲੀਅਰ ਵਿਖੇ ਉਸਤਾਦ ਹਾਫ਼ਿਜ਼ ਅਲੀ ਖ਼ਾਂ ਮੈਮੋਰੀਅਲ ਸੋਸਾਇਟੀ ਵਲੋਂ ਉਸਤਾਦ ਅਮਜਦ ਅਲੀ ਖ਼ਾਂ ਸਾਹਿਬ ਨੇ ਸ੍ਰੀ ਸਤਿਗੁਰੂ ਜੀ ਨੂੰ ਸੰਗੀਤ ਮਨੀਸ਼ੀ ਸਨਮਾਨ ਭੇਟ ਕੀਤਾ। ਇਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਹੀ ਹੈ ਕਿ ਅੱਜ ਨਾਮਧਾਰੀ ਪੰਥ ਦਾ ਰੁਤਬਾ ਸਿਖ਼ਰ ਦੀਆਂ ਬੁਲੰਦੀਆਂ ਛੂਹ ਰਿਹਾ ਹੈ। ਸਿੱਖ ਪੰਥ ਦੇ ਸਰਵਉੱਚ ਤਖ਼ਤ ਸ੍ਰੀ ਅਕਾਲ ਤਖ਼ਤ ਤੋਂ ਕਿਸੇ ਵੇਲੇ ਅੰਗ੍ਰੇਜ਼ ਭਗਤ ਪੁਜਾਰੀਆਂ ਵੱਲੋਂ ਫ਼ਤਵਾ ਜਾਰੀ ਕੀਤਾ ਗਿਆ ਸੀ ਕਿ ਨਾਮਧਾਰੀ ਸਿੱਖ ਨਹੀਂ। ਅੱਜ ਉਸੇ ਅਕਾਲ ਤਖ਼ਤ ਤੋਂ ਨਾਮਧਾਰੀ ਸ਼ਹੀਦਾਂ ਨੂੰ ਸਿੱਖ ਕੌਮ ਦੇ ਸ਼ਹੀਦ ਕਹਿ ਕੇ ਸਤਿਕਾਰਿਆ ਜਾ ਚੁੱਕਾ ਹੈ। ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਤਖ਼ਤ ਕੇਸਗੜ੍ਹ ਸਾਹਿਬ ਤੋਂ ਸਤਿਗੁਰੂ ਜੀ ਦਾ ਅਭਿਨੰਦਨ ਕੀਤਾ ਗਿਆ।

ਰਾਸ਼ਟਰੀ ਪੱਧਰ ਦੇ ਖੇਡ ਸਨਮਾਨ ਸਮਾਰੋਹ ਸ੍ਰੀ ਸਤਿਗੁਰੂ ਜੀ ਦੀ ਪਾਵਨ ਛਤਰ ਛਾਇਆ ਹੇਠ ਨੇਪਰੇ ਚੜ੍ਹਦੇ ਰਹੇ। ਸਾਡੇ ਅੰਤਰ ਰਾਸ਼ਟਰੀ ਸਿੱਧੀ ਪ੍ਰਾਪਤ ਖਿਡਾਰੀ ਸਤਿਗੁਰੂ ਜੀ ਤੋਂ ਆਸ਼ੀਰਵਾਦ ਪ੍ਰਾਪਤ ਕਰਕੇ ਫ਼ਖ਼ਰ ਮਹਿਸੂਸ ਕਰਦੇ ਸਨ।

ਉਸ ਵੇਲੇ ਸਾਰੇ ਯੂਰਪ ਵਿੱਚ ਸ੍ਰੀ ਸਤਿਗੁਰੂ ਜੀ ਦੀ ਜੈ-ਜੈ ਕਾਰ ਹੋਈ ਜਦ ਸੰਨ 1978 ਈ. ਵਿੱਚ ਇੰਗਲੈਂਡ ਨਿਵਾਸੀ ਲੰਬੀ ਔੜ ਕਾਰਨ ਪ੍ਰੇਸ਼ਾਨ ਸਨ। ਸਾਰੇ ਪਾਸੇ ਸੋਕਾ ਪੈ ਗਿਆ ਸੀ, ਡਰ ਸੀ ਕਿਤੇ ਕਾਲ ਨਾ ਪੈ ਜਾਵੇ, ਪੀਣ ਵਾਲੇ ਪਾਣੀ ਦੀ ਸਮੱਸਿਆ ਨਾ ਆ ਜਾਵੇ। ਵਿਗਿਆਨੀਆਂ ਦੀ ਕੋਈ ਪੇਸ਼ ਨਹੀਂ ਸੀ ਜਾ ਰਹੀ। ਮੌਸਮ ਵਿਭਾਗ ਵਾਲੇ ਅਜੇ ਲੰਮੇ ਸਮੇਂ ਤੱਕ ਔੜ ਹੀ ਦੱਸ ਰਹੇ ਸਨ। ਇਸੇ ਦੌਰਾਨ ਅਗਸਤ ਮਹੀਨੇ ਵਿੱਚ ਸ੍ਰੀ ਸਤਿਗੁਰੂ ਜੀ ਇੰਗਲੈਂਡ ਦਰਸ਼ਨ ਦਿੱਤੇ। ਉਥੋਂ ਦੇ ਅੰਗ੍ਰੇਜ਼ਾਂ ਅਤੇ ਭਾਰਤੀ ਮੂਲ ਦੇ ਪਤਵੰਤੇ ਵਿਅਕਤੀਆਂ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਮੀਂਹ ਵਾਸਤੇ ਅਰਜ਼ ਕੀਤੀ। ਸਤਿਗੁਰੂ ਜੀ ਉਨ੍ਹਾਂ ਨੂੰ ਧਰਵਾਸ ਦੇਦਿਆਂ ਫ਼ਰਮਾਇਆ: "ਕਲ੍ਹ ਨੂੰ ਆਸਾ ਜੀ ਦੀਵਾਰ ਦੇ ਭੋਗ ਉਪਰੰਤ ਅਰਦਾਸ ਕਰਾਂਗੇ, ਆਪਾਂ ਤੇ ਬੇਨਤੀ ਹੀ ਕਰ ਸਕਦੇ ਹਾਂ- ਅਕਾਲ ਪੁਰਖ ਦੇ ਚਰਨਾਂ ਵਿੱਚ, ਪ੍ਰਵਾਨ ਹੋ ਗਈ ਤਾਂ ਅਵੱਸ਼ ਵਰਖਾ ਹੋਵੇਗੀ।" ਅਗਲੇ ਦਿਨ ਰੱਜਵਾਂ ਮੀਂਹ ਪਿਆ ਅਤੇ ਕਈ ਦਿਨ ਪੈਂਦਾ ਰਿਹਾ। ਇੰਗਲੈਂਡ ਦੇ ਅਖ਼ਬਾਰਾਂ ਅਤੇ ਟੈਲੀਵਿਜ਼ਨ ਨੇ ਆਪ ਜੀ ਨੂੰ **"ਮੀਂਹ ਦਾ ਦੇਵਤਾ"** ਆਖਿਆ।

ਨਵੰਬਰ, 1978 ਨੂੰ ਥਾਈਲੈਂਡ ਵਿਖੇ ਡਾ. ਸੁਚਾਟ ਨੇ ਸ਼ਾਂਤੀ ਮੰਦਰ ਦਾ ਨੀਂਹ ਪੱਥਰ ਰੱਖਣ ਸਮੇਂ 22 ਦੇਸ਼ਾਂ ਦੇ ਧਾਰਮਿਕ ਮੁਖੀ ਸੱਦੇ, ਉਹ ਸਾਰੇ ਹੀ ਆਪੋ ਆਪਣੇ ਦੇਸ਼ ਦੀ ਮਿੱਟੀ ਨਾਲ ਲੈ ਕੇ ਆਏ ਜੋ ਨੀਂਹ ਵਿੱਚ ਪਾਈ ਗਈ। 32 ਦੇਸ਼ਾਂ ਦੇ ਰਾਸ਼ਟਰੀ ਝੰਡੇ ਝੁਲਾਏ ਗਏ। ਉਦੋਂ ਸਾਰੇ ਭਾਰਤ ਵਾਸੀਆਂ ਦਾ ਸਿਰ ਮਾਣ ਨਾਲ ਹੋਰ ਉੱਚਾ ਹੋ ਗਿਆ ਜਦ ਇਸ ਸ਼ਾਂਤੀ ਮੰਦਰ ਦਾ ਨੀਂਹ ਪੱਥਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਰਖਵਾਇਆ ਗਿਆ।

ਸਤਿਗੁਰੂ ਜਗਜੀਤ ਸਿੰਘ ਜੀ ਸਮਰਥ ਅਧਿਆਤਮਕ ਰਹਿਨੁਮਾ ਸਨ। ਆਪ ਜੀ ਦੇ ਸ਼ਰਧਾਲੂਆਂ ਵਿੱਚ ਸਹਿਜਧਾਰੀ ਸਿੱਖ ਵੀ ਸਨ। ਹਿੰਦੂ, ਮੁਸਲਮਾਨ ਅਤੇ ਈਸਾਈ ਵੀ। ਬਾਗੜ ਇਲਾਕੇ ਦੇ ਰਾਜਸਥਾਨੀ ਵੀ ਸਨ। ਆਪ ਜੀ ਕੇਵਲ ਧਾਰਮਿਕ ਗੁਰੂ ਹੀ ਨਹੀਂ ਸਗੋਂ ਆਦਰਸ਼ ਸਮਾਜ ਦੇ ਉਸਰਈਏ ਵੀ ਸਨ। ਬਹੁਮੁਖੀ ਵਿਕਾਸ ਲਈ ਸਫ਼ਲ ਮਾਰਗ ਦਰਸ਼ਕ ਸਨ। ਬਚਨ ਅਤੇ ਕਰਮ ਦੀ ਸ਼ਕਤੀ ਨਾਲ ਆਪ ਨੇ ਸਮੇਂ ਨੂੰ ਬਦਲ ਕੇ, ਅਨੇਕਾਂ ਗਾਡੀ ਰਾਹ ਚਲਾਏ ਸਨ।

ਆਪ ਬਣੇ ਸੰਵਰੇ ਰਾਹਾਂ 'ਤੇ ਨਹੀਂ ਚੱਲਦੇ ਸਨ, ਸਗੋਂ ਆਪ ਦਾ ਚੱਲਣਾ ਹੀ ਨਵੇਂ ਰਸਤਿਆਂ ਨੂੰ ਜਨਮ ਦੇਂਦਾ ਸੀ। ਆਪ ਬੰਜਰ ਜ਼ਮੀਨ ਵਿੱਚ ਵਿਚਰੇ ਤਾਂ ਉਹ ਉਪਜਾਊ ਬਣ ਗਈ, ਰੇਤਲੇ ਟਿੱਬਿਆਂ ਤੇ ਚਰਨ ਪਾਏ ਤਾਂ ਉੱਥੇ ਹਰਿਆਵਲ

ਛਾ ਗਈ। ਗਰੀਬ ਬੱਚਿਆਂ ਦੇ ਸਿਰ 'ਤੇ ਮੇਹਰ ਭਰਿਆ ਹੱਥ ਰੱਖਿਆ ਤਾਂ ਉਹ ਉੱਤਮ ਦਰਜੇ ਦੇ ਵਿਦਵਾਨ ਸੰਗੀਤਕਾਰ, ਖਿਡਾਰੀ ਅਤੇ ਵਿਗਿਆਨਕ ਬਣ ਗਏ। ਵਿਦੇਸ਼ਾਂ ਵਿੱਚ ਵਿਚਰੇ ਤਾਂ ਉਥੇ ਭਾਰਤੀ ਸੱਭਿਅਤਾ ਅਤੇ ਸਿੱਖੀ ਸਰੂਪ ਛਾ ਗਿਆ।

ਸ੍ਰੀ ਸਤਿਗੁਰੂ ਜੀ ਦਾ ਨੂਰਾਨੀ ਦਰਸ਼ਨ ਸਹਿਜ, ਸੁਹਜ ਅਤੇ ਸ੍ਰੇਸ਼ਟਤਾ ਦਾ ਪ੍ਰਤੀਕ ਸੀ। ਮੁੱਖ ਮਸਤਕ ਤੇ ਸਦਾ-ਬਹਾਰ ਮੁਸਕਾਨ ਗੁਲਾਬ ਦੀ ਸੁਗੰਧੀ ਵਾਂਗ ਚਾਰ-ਚੁਫ਼ੇਰੇ ਨੂੰ ਖੇੜਾ ਬਖ਼ਸ਼ਦੀ ਸੀ। ਸੱਜਣਾਂ ਵਰਗੀ ਅਪਣੱਤ ਦਾ ਅਹਿਸਾਸ ਹੁੰਦਾ ਸੀ। ਮੋਹ-ਭਰੀ ਮਿਕਨਾਤੀਸੀ ਤੱਕਣੀ ਹਰ ਕਿਸੇ ਨੂੰ ਆਪਣਾ ਬਣਾ ਲੈਣ ਦੀ ਸ਼ਕਤੀ ਰੱਖਦੀ ਸੀ। ਆਪ ਜੀ ਦਾ ਸਾਦਾ, ਸਵੱਛ, ਪਰਉਪਕਾਰੀ, ਉੱਦਮੀ ਅਤੇ ਰਚਨਾਤਮਕ ਰੁਝੇਵਿਆਂ ਵਾਲਾ ਜੀਵਨ ਹੀ ਆਪਣੇ ਆਪ ਵਿੱਚ ਉਪਦੇਸ਼ ਸੀ ਅਤੇ ਪ੍ਰੇਰਣਾ ਦਾ ਸ੍ਰੋਤ ਸੀ। ਸਰਬ-ਪੱਖੀ ਸੰਚਾਲਕ ਦੀ ਤਰ੍ਹਾਂ ਕਰਮਯੋਗੀਆਂ ਵਾਲਾ ਜੀਵਨ ਸੀ ਸਤਿਗੁਰੂ ਜਗਜੀਤ ਸਿੰਘ ਜੀ ਦਾ।

ਆਪ ਜੀ ਦੀਆਂ ਬਖਸ਼ਿਸ਼ਾਂ, ਸਦੀਵ ਕਾਲ ਤੱਕ ਮਨੁੱਖਤਾ ਦੇ ਰਾਹ ਰੁਸ਼ਨਾਉਣ ਲਈ ਚਾਨਣ-ਮੁਨਾਰੇ ਵਾਂਗ ਰੱਬੀ ਰਹਿਮਤ ਬਖੇਰਦੀਆਂ ਰਹਿਣਗੀਆਂ। ਅਧਿਆਤਮਿਕਤਾ ਦੇ ਇਸ ਰਹਿਨਮਾ ਦੀਆਂ ਪਾਈਆਂ ਪੈੜਾਂ ਭਾਰਤੀ ਸੰਸਕ੍ਰਿਤੀ ਅਤੇ ਖ਼ਾਲਸਈ ਇਤਿਹਾਸ ਵਿੱਚ ਇੱਕ ਇਲਾਹੀ ਮਿਸ਼ਾਲ ਵਾਂਗ ਰੁਸ਼ਨਾਈਆਂ ਬਖੇਰਦੀਆਂ ਰਹਿਣਗੀਆਂ।

ਪ੍ਰਸ਼ਨ

1. ਸਤਿਗੁਰੂ' ਸ਼ਬਦ ਦੀ ਵਿਆਖਿਆ ਕਰੋ।
2. ਸਤਿਗੁਰੂ ਜਗਜੀਤ ਸਿੰਘ ਜੀ ਦੀ ਮੁੱਢਲੀ ਅਤੇ ਉਚੇਰੀ ਵਿੱਦਿਆ ਬਾਰੇ ਦੱਸੋ।
3. ਸਤਿਗੁਰੂ ਜਗਜੀਤ ਸਿੰਘ ਜੀ ਦਾ ਬਚਪਨ ਦਾ ਨਾਮ ਕੀ ਸੀ?
4. ਤਰਨ ਸਿੰਘ ਵਹਿਮੀ ਨੂੰ ਸਤਿਗੁਰੂ ਜੀ ਨੇ ਸਿੱਖੀ ਬਾਬਤ ਕੀ ਦੱਸਿਆ?
5. ਗੁਰਗੱਦੀ 'ਤੇ ਸੁਭਾਇਮਾਨ ਹੋ ਕੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਹੜੇ ਵੱਡੇ ਕਾਰਜ ਕੀਤੇ?
6. ਭਜਨ-ਬਾਣੀ ਦਾ ਪ੍ਰਵਾਹ ਚਲਾਉਣ ਲਈ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀ ਯਤਨ ਕੀਤੇ?
7. ਇਲਾਕਾ ਜੀਵਨ ਨਗਰ ਨੂੰ ਵਸਾਉਣ ਲਈ ਸਤਿਗੁਰੂ ਜੀ ਨੇ ਕੀ ਯਤਨ ਕੀਤੇ?
8. ਵਿਦਿਅਕ ਜਥੇ ਦੀ ਸ਼ੁਰੂਆਤ ਕਿਉਂ ਅਤੇ ਕਿਵੇਂ ਹੋਈ?
9. ਸਤਿਗੁਰੂ ਜੀ ਨੇ ਕਿਹੜੇ-ਕਿਹੜੇ ਗੈਰ ਨਾਮਧਾਰੀ ਕਲਾਕਾਰਾਂ, ਡਾਕਟਰਾਂ ਅਤੇ ਲੇਖਕਾਂ ਨੂੰ ਸੰਭਾਲਿਆ ਅਤੇ ਕਿਵੇਂ?
10. ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਸਮੇਂ ਵਿੱਚ ਕਿਹੜੀਆਂ-2 ਸ਼ਤਾਬਦੀਆਂ ਮਨਾਈਆਂ?
11. ਸਤਿਗੁਰੂ ਜੀ ਨੂੰ 'ਮੀਂਹ ਦਾ ਦੇਵਤਾ' ਕਿਉਂ ਆਖਿਆ ਗਿਆ?
12. ਸਤਿਗੁਰੂ ਜਗਜੀਤ ਸਿੰਘ ਜੀ ਦੀ ਬਹੁਪੱਖੀ ਸ਼ਖ਼ਸੀਅਤ ਬਾਰੇ ਆਪਣੇ ਸ਼ਬਦਾਂ ਵਿੱਚ ਲਿਖੋ।

ਬਚਨ ਅਮੋਲਕ ਸਤਿਗੁਰ ਜੀ ਦੇ

ਸਿੱਖ ਨੂੰ ਮਾਰਗ ਪਾਵਨ।

ਮਨ ਮੱਤ ਵਲੋਂ ਮੋੜਕੇ ਇਹ ਮਨ,

ਗੁਰੂ-ਮਤਿ ਵੱਲ ਲਾਵਣ।

ਪੜ੍ਹ ਸੁਣ ਜੋ ਉਪਦੇਸ਼ ਗੁਰਾਂ ਦਾ,

ਉਸਤੇ ਅਮਲ ਕਮਾਵੇ,

ਦੁਨੀਆਂ ਵਿੱਚ 'ਆਤਮ' ਉਸਦੇ

ਪੂਰਨ ਭਾਗ ਹੋ ਜਾਵਣ।

ਜਿਹੜੇ ਗੁਰੂ ਦੇ ਸਿੰਘ ਹਨ-
ਉਹ ਝੂਠ ਨਹੀਂ ਬੋਲਦੇ, ਉਹ
ਬੁਰਾ ਨਹੀਂ ਕਿਸੇ ਦਾ ਕਰਦੇ।
ਕਿਸੇ ਦੀ ਚੀਜ਼ ਨਹੀਂ ਛੇੜਦੇ,
ਸ਼ਰਾਬ ਨਹੀਂ ਪੀਂਦੇ,
ਮਾਸ ਨਹੀਂ ਖਾਂਦੇ, ਧੱਕਾ
ਨਹੀਂ ਕਰਦੇ।

ਹੁਕਮ- ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ